GOVERNMENT OF INDIA
NATIONAL LIBRARY, CALCUTTA

Class No. P 294.553

Book No. Am 2564

N. L. 38.

MGIPC—[illegible]—100,000.

GOVERNMENT OF INDIA
NATIONAL LIBRARY
CALCUTTA

This book was taken from the Library on the date last stamped. A late fee of 6 nP. will be charged for each day the book is kept beyond a month.

15 NOV 1996

4 JUL 1974

N. L. 44.
MGIPC—S3—8 LNL/63—7-6-63—50,000.

[illegible]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

## ਸੁਰਤ ਸਬਦ ਸਹਜ ਜੋਗ ਦਾ ਸਬਦ

## ਸਿਧਾਂਤ ਬੋਧ

ਅਰਥਾਤ

# ਗੁਰੂਮਤ ਕੀ ਕੁੰਜੀ

ਔਰ

ਗੁਰੂ ਸਾਹਿਬਾਨ ਕਾ ਸਿਧਾਂਤ ਨਿਰਨੇ ਵਾ
ਅਭਿਆਸ ਕੇ ਮੁਤੱਲਕ ਉਤ੍ਰ ਪ੍ਰਸ਼ਨ

ਜਿਸਨੂੰ

## ਭਾਈ ਅਮਰ ਸਿੰਘ

ਪੁਸਤਕਾਂ ਵਾਲਾ ਬਜ਼ਾਰ ਮਾਈ ਸੇਵਾਂ ਅਮ੍ਰਿਤਸਰ ਨੇ
ਸੱਚੇ ਪ੍ਰਮਾਰਥੀਆਂ ਦੇ ਲਾਭ ਵਾਸਤੇ ਛਪਾਇਆ

ਸਤੰਬਰ ੧੯੧੪

ਸਰਦਾਰ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ
ਸ੍ਰੀ ਗੁਰਮਤ ਪ੍ਰੇਸ ਅੰਮ੍ਰਿਤਸਰ ਵਿਚ ਛਪਿਆ ॥

ਪਹਿਲੀ ਵਾਰ ਕਾਪੀ ੫੦੦ [illegible]

NATIONAL LIBRARY
No. 2878
Dt. 9.12.1963
CALCUTTA

ੴ ਸਤਿਗੁਰਪ੍ਰਸਾਦਿ ॥

# ਭੂਮਕਾ

ਇਸ ਅਭਿਆਸ ਕੋ ਹਮਾਰੇ ਦਸ ਪਾਤਸ਼ਾਹੀਆਂ ਕਰਤੇ ਆਏ। ਜੋ ਹਮਾਰੇ ਸਤਗੁਰਾਂ ਕੇ ਚਰਨੋਂ ਮੇ ਆਏ ਉਨਕੋ ਯਹੀ ਉਪਦੇਸ਼ ਕੀਆ ਸੁਰਤ ਵਾ ਸ਼ਬਦ ਕੇ ਮਾਰਗ ਕਾ। ਜਿਨ ਜਿਨ ਕੋ ਯੇਹ ਉਪਦੇਸ਼ ਕੀਆ ਵੁਹ ਸਭ ਸੱਤਲੋਕ ਮੇ ਪਹੁੰਚ ਗਏ ਜੀਤੇ ਜੀ। ਆਦਿ ਪਾਤਸ਼ਾਹੀ ਸੇ ਲੇਕਰ ਦਸਮ ਗੁਰੂ ਜੀ ਤਕ ਯਹੀ ਰੀਤੀ ਸੀ। ਜਬ ਸਤਗੁਰਾਂ ਕੇ ਜੋਤੀ ਜੋਤ ਸਮਾਵਣੇ ਕਾ ਸਮਾ ਆਤਾ ਥਾ। ਤਬ ਦੂਸਰੀ ਪਾਤਸ਼ਾਹੀ ਕੇ ਆਗੇ ਪਾਂਚ ਪੈਸੇ ਵਾ ਏਕ ਨਰਯੇਲ ਰਖਕਰ ਮਥਾ ਟੇਕ ਦੇਤੇ ਸੇ। ਯੇਹ ਬਾਤ ਤੋ ਪ੍ਰਸਿਧ ਹੈ ਪਰ ਮੁਖ ਸੇ ਭੀ ਉਪਦੇਸ਼ ਫੁਰਮਾਤੇ ਸੇ। ਵੋਹ ਕੌਣ ਸਾ ਉਪਦੇਸ਼ ਥਾ ਵਹੁ

ਸੁਰਤ ਸਬਦ ਕੇ ਮਾਰਗ ਕਾ ਥਾ । ਜਿਸਮੇ ਪਾਂਚ ਸ਼ਬਦ ਕਾ ਭੇਦ ਦੀਆ ਜਾਤਾ ਥਾ । ਯਹੀ ਉਪਦੇਸ ਸੀਨੇ ਬਾ ਸੀਨੇ ਚਲਿਆ ਆਇਆ । ਜਿਤਨੇ ਗੁਰੂ ਗ੍ਰੰਥਸਾਹਿਬ ਮੈ ਭਗਤ ਜਨ ਵਾ ਔਰ ਮਹਾਤਮਾ ਹੂਏ ਹੈਂ । ਭਾਈ ਗੁਰਦਾਸ ਜੀ ਸੇ ਲੇਕਰ ਸਭ ਇਸ ਅਭਿਆਸ ਕੋ ਕਰਤੇ ਆਏ ਕਿਉਂਕਿ ਉਨਕੇ ਗ੍ਰੰਥ ਮੈਂ ਅਭਿਆਸ ਸਹਜ ਜੋਗਕਾ ਪਾਇਆ ਜਾਤਾਹੈ। ਵੋਹ ਸ਼ਬਦ ਆਗੇ ਕਹੇ ਜਾਵੇਂਗੇ ਜੋ ਗੁਰੂਗ੍ਰੰਥ ਸਾਹਿਬ ਮੇਂ ਦਰਜ ਹੈਂ

ਇਸ ਗ੍ਰੰਥ ਮੇਂ ਸਾਤ ਅੰਗ ਰਖੇ ਜਾਵੇਂਗੇ॥

੧ ਪੇਹਲੇ ਅੰਗਮੇਂ ਸ਼ਬਦ ਭੇਦੀ ਸਤਿਗੁਰਾਂ ਕਾ ਸਰੂਪ ਕਹਾ ਜਾਵੇਗਾ ॥

੨ ਦੂਸਰੇ ਅੰਗਮੇਂ ਪ੍ਰੇਮੀਕਾ ਸਰੂਪ ਕਹਾ ਜਾਵੇਗਾ ਜੋ ਜੀਤੇ ਜੀ ਸਤਲੋਕਮੇ ਜਾਣਾ ਚਾਹਤਾਹੈ॥

੩ ਤੀਸਰੇ ਅੰਗ ਮੇਂ ਸ਼ਬਦ ਕਾ ਸਰੂਪ ਭੇਦ ਕਹਾ ਜਾਵੇਗਾ ॥

੪ ਚੌਥੇ ਅੰਗਮੇਂ ਸੁਰਤ ਕਾ ਭੇਦ ਵਾ ਸਰੂਪ

ਕਹਾ ਜਾਵੇਗਾ ॥

੫ ਪਾਂਚਵੇਂ ਮੇ ਸੁਰਤ ਕਾ ਸਤਲੋਕ ਸੇ ਆਨਾ ਕਹਾ ਜਾਵੇਗਾ ॥

੬ ਛੇਵੇਂ ਅੰਗ ਮੇਂ ਸੁਰਤ ਕਾ ਸੱਤਲੋਕ ਮੇ ਜਾਣਾ ਕਹਾ ਜਾਵੇਗਾ ॥

੭ ਸਾਤਵੇਂ ਅੰਗ ਮੇਂ ਸਿਧਾਂਤ ਪਦ ਕਾ ਸਰੂਪ ਵਾ ਸੁਖ ਕਿਆ ਹੈ ਵਹੁ ਕਹਾ ਜਾਵੇਗਾ ॥

ਇਸ ਅਭਿਆਸ ਕੋ ਇਸਤ੍ਰੀ ਵਾ ਪੁਰਸ਼ ਲੜਕਾ ਵਾ ਬੂਢਾ ਸਭ ਨਿਰਜਤਨ ਕਰਸਕਤੇਹੈਂ ਇਸੀ ਵਾਸਤੇ ਸੈਹਜ ਜੋਗ ਨਾਮ ਰਖਾ ਗਿਆ ਹੈ। ਇਸਕੇ ਕਰਨੇ ਸੇ ਸੰਤੋਂ ਕਾ ਜੋ ਨਿਜਪਦ ਹੈ ਤਿਸਕੋ ਪ੍ਰਾਪਤ ਹੋਸਕਤਾ ਹੈ। ਏਸ ਗ੍ਰੰਥ ਮੇ ਏਕ ਏਕ ਭਾਗਮੇ ਪੰਦ੍ਰਾਂਪੰਦ੍ਰਾਂ ਸਬਦ ਰਖੇ ਜਾਵੇਂਗੇ। ਕਿਉਂਕਿ ਜੈਸਾ ਭਾਗ ਹੋਗਾ ਵੈਸਾ ਹੀ ਮਜਮੂਨ ਸਬਦੋਂ ਕਾ ਕਹਾ ਜਾਵੇਗਾ। ਜੇਕਰ ਪ੍ਰੇਮਾ ਰਥੀਓਂ ਕੋ ਸੰਸਾ ਰਹਾ ਤੋ ਗੁਰੂਗ੍ਰੰਥਸਾਹਿਬਜੀ ਮੇ ਦੇਖ ਲੇਵੇਂ ਏਥੇ ਗ੍ਰੰਥ ਕੇ ਬਡ੍ਹ ਜਾਨੇ ਕੇ ਭੈ ਸੇ ਨਹੀਂ ਲਿਖੇ ਗਏ। ਜੋ ਸ਼ਬਦ ਇਸਮੇ

ਰਖੇ ਜਾਵੇਂਗੇ ਉਨਕਾ ਨਿਸ਼ਾਨ ਦੀਆ ਜਾਵੇਗਾ। ਉਸੀ ਸ਼ਬਦ ਕੇ ਨੀਚੇ ਅਰਥ ਹੋਗਾ ਇਸਮੇ ਪੂਰਾ ਸ਼ਬਦ ਵਾ ਅਧਾ ਜਿਤਨਾ ਜਰੂਰਤ ਹੋ ਓਸ ਮੌਕੇ ਪਰ ਰਖਾ ਜਾਵੇਗਾ। ਮੋਟੇ ਟੈਪ ਮੈ ਸ਼ਬਦ ਹੋਗਾ ਬਾਰੀਕ ਟੇਪ ਮੈ ਅਰਥ ਹੋਗਾ । ਤਾਂਕੇ ਮਹਾਤਮਾ ਵਰਣ ਵਾ ਅਰਥ ਕੇ ਦੋਖ ਕੋ ਸੁਧਾਰ ਲਵੇਂਗੇ। ਕਿਉਂਕਿ ਮੈ ਅਤੀ ਨ੍ਰਿਬੁਧੀਹੂੰ ਕਿਸੀ ਵਿਦਿਆ ਕਾ ਬਲ ਨਹੀਂ ਰਖਤਾ। ਇਸੀ ਵਾਸ ਤੇ ਜੋ ਪ੍ਰਸਿੱਧ ਸ਼ਬਦ ਹੈਂ ਵੋਹੀ ਇਸਮੇਂ ਦਰਜ ਕੀਏ ਗਏ ਹੈਂ ਇਨ੍ਹੀਂ ਸਬਦ ਕੇ ਪ੍ਰਮਾਣ ਦੀਏ ਜਾਵੇਂਗੇ। ਤਾਂਕੇ ਪਾਠੀ ਗਣ ਸ਼ਬਦ ਕੇ ਅਰਥ ਕੋ ਸਮਝ ਕਰ ਲਾਭ ਉਠਾਵੇਂ ॥

ਦਾਸ--ਕਰਤਾ

# ਅਥ ਅਭਿਆਸ ਸੁਰਤ ਸਬਦ ਸਹਜ ਜੋਗ ਲਿਖਯਤੇ

ਸਲੋਕ ॥ ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ। ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਰਾਗੁ ਬਿਲਾਵਲੁ ਮਹਲਾ ੧ ॥ ਚਉਪਦੇ ਘਰੁ ੧ ॥ ਤੂ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ। ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ ਤੇਰੇ ਗੁਣ ਗਾਵਾ ਦੇਹਿ ਬੁਝਾਈ। ਜੈਸੇ ਸਚ ਮਹਿ ਰਹਉ ਰਜਾਈ ॥ ੧ ॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ॥ ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥ ੨ ॥ ਕਿਆ ਹਉ ਕਥੀ

ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ।
ਜੋ ਤੁਧੁ ਭਾਵੈ ਸੋਈ ਆਖਾ ਤਿਲ ਤੇਰੀ ਵਡਿ
ਆਈ ॥ ੩ ॥ ਏਤੇ ਕੂਕਰ ਹਉ ਬੇਗਾਨਾ ਭਉ
ਕਾ ਇਸੁ ਤਨਤਾਈ । ਭਗਤਿ ਹੀਣੁ ਨਾਨਕੁ ਜੇ
ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥

## ਪ੍ਰਾਰਥਨਾ ਰੂਬਾਕਾਰ

ਵਾਰ ਭਾਈ ਗੁਰਦਾਸ ਜੀ ॥ ਹਉ ਅਪ
ਰਾਧੀ ਗੁਨਹ ਗਾਰ ਹਉਂ ਬੇਮੁਖਮੰਦਾਚੋਰ ਜਾਰ
ਜੂਆਰੀਆ ਪਰ ਘਰ ਜੋਹੰਦਾ । ਨਿੰਦਕ ਦੁਸਟ
ਹਰਾਮਖੋਰ ਠਗ ਦੇਸ ਠਗੰਦਾ । ਕਾਮ ਕ੍ਰੋਧ
ਮਦ ਲੋਭ ਮੋਹ ਅਹੰਕਾਰ ਕਰੰਦਾ । ਵਿਸਵਾਸ
ਘਾਤੀ ਅਕਿਰਤਘਣ ਮੁਹਿ ਕੋ ਨ ਰਖੰਦਾ । ਸਿ
ਮਰਿ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ ॥

## ਅੰਗ ੧ ਸ਼ਬਦ ਭੇਦੀ ਸਤਿਗੁਰ ਕਾ ਸਰੂਪ

ਮਲਾਰ ਦੀ ਵਾਰ ਸਲੋਕ ੨੭ ਮ: ੧ ॥ ਘਰ
ਮਹਿ ਘਰ ਦੇਖਾਇ ਦੇਇ ਸੋ ਸਤਿਗੁਰ ਪੁਰਖ

ਸੁਜਾਣੁ । ਪੰਚ ਸਬਦ ਧੁਨ ਕਾਰ ਧੁਨਿ ਤਹ ਬਾਜੈ ਸਬਦਿ ਨੀਸਾਣੁ । ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨ । ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤ ਸੁਲਤਾਨ । ਸੁਖਮਨਕੈਘਰਿ ਰਾਗ ਸੁਨਿ ਸੁੰਨ ਮੰਡਲ ਲਿਵਲਾਇ। ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ। ਉਲਟਿ ਕਮਲ ਅੰਮ੍ਰਿਤ ਭਰਿਆ ਇਹੁ ਮਨੁ ਕਤਹੁ ਨ ਜਾਇ । ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ। ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ । ਸਬਦੁ ਖੋਜਿ ਇਹੁ ਘਰੁ ਲਹੈ ਨਾਨਕ ਤਾਕਾ ਦਾਸੁ ॥

ਅਰਥ-ਹੇ ਸਿਖ੍ਹ ਤੇਰੇ ਸਰੀਰ ਰੂਪੀ ਘਰ ਮੇਂ ਜੋ ਘਰ ਦਖਾ ਦੇਵੇ ਵੋਹੀ ਪੂਰਾ ਸਤਿਗੁਰ ਹੈ । ਕਿਆ ਦਖਾ ਦੇਵੇ ਜੋ ਤੇਰਾ ਸਰੀਰ ਮੇ ਅਸਲੀ ਘਰ ਕਿਆ ਹੈ ਜੋ ਸਤ ਲੋਕ ਵਾ ਸਤ ਪੁਰਖ ਕਾ ਦਰਸ਼ਨ ਕਰਾ ਦੇਵੇ॥ ਪ੍ਰਮਾਣ ॥"ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ। ਪੀਪਾ ਪ੍ਰਣਵੈ ਪਰਮਤਤ ਹੈ ਸਤਿਗੁਰ ਹੋਇ ਲਖਾਵੈ"। ਪੂਰੇ ਸਬਦ ਭੇਦੀ ਸਤਗੁਰ ਇਸ ਜੀਵ ਕੋ ਜੀਤੇਜੀ ਸਤਲੋਕ ਜੋ ਇਸਕਾ ਅਸਲੀ ਘਰ ਹੈ ਵਹਾਂ ਪੌਹਚਾ ਸਕਤੇ ਹੈਂ । ਯੇਹ ਘਰ ਮੇ ਘਰ ਹੈ। ਪਾਂਚ ਸ਼ਬਦ ਕੀ ਧੁਨ ਜੋ ਨਿਆਰੇ ਨਿਆਰੇ ਦਖਾ ਦੇਣਾ ਜੋ ਹਰ ਵਕਤ ਬਾਜਰਹੇ ਹੈਂ। ਪੂਰਾ ਸਬਦ ਭੇਦੀ ਸਤਿਗੁਰ ਦਖਾ ਸਕਤੇ ਹੈਂ। ਔਰ ਦੂਸਰੇ ਗੁਰੂ ਕਾ ਕਾਮ ਨਹੀਂ ਹੈ। ਫਿਰ ਸਤਲੋਕ ਕੈਸਾ ਹੈ ਜਹਾਂ ਖੰਡ ਮੰਡਲ ਹੈਰਾਨ ਹੋਰਹੇ ਹੈਂ। ਹੋਰਤ ਕਿਆ ਜੈਸਾ ਹੈਰਾਨ

ਹੋਰਹੇ ਹੈਨ। ਕਿਉਂਕਿ ਵਹਾਂ ਸੱਤਪੁਰਸ਼ ਕਾ ਸਥਾਨ ਹੈ ਸਦਾ॥ ਪ੍ਰਮਾਣ ਗੁਰੂ ਜੀਕਾ॥ "ਸਚਖੰਡ ਵਸੈ ਨਿਰੰਕਾਰ। ਪੁਨਾ-ਕਰਕਰ ਵੇਖੈ ਸਿਰ ਜਣਹਾਰ। ਨਾਨਕ ਸਚੇ ਕੀ ਸਾਚੀ ਕਾਰ"॥ ਵਹਾਂ ਹੀ ਸ਼ਬਦ ਕਾ ਰਾਜ਼ ਹੂਨ ਸੁੰਨ ਕੇ ਅਸਥਾਨ ਹੈ ਵਹਾਂ ਸੂਰਜ ਕੇ ਜਗਾ। ਵਹਾਂ ਕੀ ਜੋ ਕਥਾ ਹੈ ਵਹੁ ਕੈਹਣੇ ਮੇਂ ਨਹੀਂ ਆਤੀ ਮਨ ਮੇ ਤੂ ਸਮਾ। ਕੁਛ ਕੈਹਣਾ ਚਾਹੇ ਵਹਾਂ ਕਾ ਹਾਲ ਅਭਿਆਸ ਸੇ ਮਹਾਤਮਾ ਨੇ ਦਸਿ ਆ ਉਸਕੇ ਕਰਨੇ ਸੇ ਕਵਲ ਸੀਧਾ ਹੋਗਿਆ। ਵੋਹ ਕਵਲ ਪੁਨ ਦੂਧੀ ਅੰਮ੍ਰਿਤ ਸੇ ਭਰ ਲੀਆ ਤਾਂ ਏਹ ਜੋ ਮਨ ਹੈ ਧਾਵਨ ਸੇ ਰਹਿ ਗਿਆ। ਇਸੀਕੋ ਅਸੰਖਾ ਜਾਪ ਮਹਾਤਮਾ ਨੇ ਵਰਨਨ ਕੀਆ ਹੈ ਤਾਂਤੂ ਏਸਨੂੰ ਵਿਸਾਰ ਨਾ॥ ਸਭ ਸਖੀਆਂ ਪਾਂਚੋ ਮਿਲੇ ਗੁਰਮੁਖ ਨਿਜ ਘਰ ਵਾਸ। ਸਖੀਆਂ ਪੰਜ ਗਿਆਨ ਇੰਦ੍ਰੀਆਂ ਵਾ ਪੰਜ ਕਰਮ ਇੰਦ੍ਰੀਆਂ ਪੰਜ ਸੇ ਸ਼ਬਦ ਹੈਂ ਜਿਨਾਂ ਕੂ ਮਿਲੇ ਵੋਹੀ ਗੁਰਮੁਖ ਹੈ ਉਸੀ ਕਾ ਨਿਜ ਘਰ ਮੇ ਵਾਸ ਹੋਗਾ। ਨਿਜ ਘਰ ਕਿਆ ਸਤਲੋਕ ਮੇਂ ਨਿਵਾਸ ਹੋਗਾ ਸਤ ਪੁਰਸ਼ ਕੇ ਚਰਨੋਂ ਮੇ ਇਸੀ ਕੋ ਪੌਂਹਚਾ ਹੂਆ ਕਹਿਤੇ ਹੈਂ। ਸ਼ਬਦ ਖੋਜ ਇਹ ਘਰ ਲਹੈ ਨਾਨਕ ਤਾਕਾ ਦਾਸ। ਸ਼ਬਦ ਕੋ ਖੋਜ ਸ਼ਬਦ ਭੇਦੀ ਸਤਿਗੁਰ ਕੋ ਮਿਲਕੇ ਤਾਂ ਏਸ ਘਰ ਕੋ ਲੈ ਤਾਂ ਗੁਰੂ ਨਾਨਕ ਜੀ ਫਰਮਾਤੇ ਹੈਂ ਮੈ ਉਨਕਾ ਦਾਸ ਹੂੰ॥

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾਤੇ ਭਰਮ ਨ ਜਾਇ। ਆਪ ਡੂਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥**

ਅਰਥ-ਭਾਵ: ਗੁਰੂ ਵੋਹ [illegible] ਜੋ ਸ਼ਬਦ ਮਾਰਗ ਕੋ ਨਹੀਂ ਜਾਨਤਾ ਬਗੈਰ ਸ਼ਬਦ ਕੇ ਮੁਕਤੀ ਕੋ ਨਹੀਂ ਪਾ ਸਕਦਾ ਜੋ ਉਨਕੇ ਪਾਸ ਆਤੇ ਹੈਂ ਉਨਕੋ ਭੀ ਚੁਰਾਸੀ [illegible] ਬਹਾ ਦੇਤਾ ਹੈ। ਏਸ ਵਾਸਤੇ ਸ਼ਬਦ ਭੇਦੀ ਸਤਿਗੁਰ ਕਾ ਖੋਜ ਕਰਨਾ ਜ਼ਰੂਰੀ ਹੈ॥

**ਗੋਂਡ ਮਹਲਾ [illegible] ॥ ਗੁਰਕੀ ਮੂਰਤਿ ਮਨ ਮਹਿ ਧਿਆਨੁ। ਗੁਰਕੈ ਸਬਦਿ ਮੰਤ੍ਰੁ ਮਨੁ ਮਾਨੁ।**

ਗੁਰਕੇ ਚਰਨ ਹਿਰਦੇ ਲੈ ਧਾਰਉ । ਗੁਰ ਪਾਰ ਬ੍ਰਹਮ ਸਦਾ ਨਮਸਕਾਰਉ ॥ ੧ ॥ ਮਤ ਕੋ ਭਰਮਿ ਭੁਲੈ ਸੰਸਾਰਿ । ਗੁਰਬਿਨ ਕੋਇ ਨ ਉਤਰਸਿ ਪਾਰਿ ॥ ੧ ॥ ਰਹਾਉ ॥ ਭੂਲੇ ਕਉ ਗੁਰ ਮਾਰਗਿ ਪਾਇਆ । ਅਵਰ ਤਿਆਗਿ ਹਰਿ ਭਗਤੀ ਲਾਇਆ ॥ ਜਨਮ ਮਰਨ ਕੀ ਤ੍ਰਾਸ ਮਿਟਾਈ । ਗੁਰ ਪੂਰੇ ਕੀ ਬੇਅੰਤ ਵਡਾਈ ॥ ੨ ॥ ਗੁਰਪ੍ਰਸਾਦਿ ਊਰਧ ਕਮਲ ਬਿਗਾਸ । ਅੰਧਕਾਰ ਮਹਿ ਭਇਆ ਪ੍ਰਗਾਸ । ਜਿਨਿ ਕੀਆ ਸੋ ਗੁਰਤੇ ਜਾਨਿਆ । ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥ ੩ ॥ ਗੁਰ ਕਰਤਾ ਗੁਰ ਕਰਣੈ ਜੋਗੁ । ਗੁਰ ਪਰਮੇਸਰੁ ਹੈਭੀ ਹੋਗੁ । ਕਹੁ ਨਾਨਕ ਪ੍ਰਭਿ ਇਹੈ ਜਨਾਈ । ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥ ੪ ॥

ਅਰਥ-ਸ਼ਬਦ ਭੇਈ ਜੋ ਸਤਿਗੁਰ ਪੂਰੇ ਹੈਂ ਉਨਕੀ ਮੂਰਤ ਕਾ ਹਿਰਦੇ ਮੇਂ ਧਿਆਨ ਕਰ। ਕਿਉਂਕਿ ਤੇਰਾ ਹਿਰਦਾ ਸੁਧ ਹੋਜਾਵੇ ਕਾਇਕ ਦੇਸ ਉਪਦੇਸ਼ ਕੇ । ਜਬ ਗੁਰੂ ਉਪਦੇਸ਼ ਦੇਵੇਂਗੇ ਤਾਂ ਉਸ ਕਾ ਸਦੇ ਮਨ ਮੇ ਅਭਿਆਸ ਕਰ । ਤਾਂਤੇ ਗੁਰਾਂ ਕੋ ਹਿਰਦੇ ਮੇ ਰਖ ਲੈ ਕਿਉਂਕਿ ਸਤਿਗੁਰ ਪਾਰਬ੍ਰਹਮ ਕਾ ਸਰੂਪ ਹੈ ॥ ਪ੍ਰਮਾਣ ॥

ਗੁਰ ਪਰਮੇਸਰੁ ਏਕੋ ਜਾਣੁ । ਜੋ ਤਿਸੁ ਭਾਵੈ ਸੋ ਪਰਵਾਣੁ ॥

ਮਤ ਸੰਸਾਰ ਮੇਂ ਆਕਰ ਭੂਲੋਂ ਬਿਨਾ ਸਤਿਗੁਰ ਕੇ ਕੋਈ ਉਧਾਰ ਨਹੀਂ ਕਰ ਸਕਦਾ । ਤਾਂਤੇ ਕੋਨ ਕੋਨ ਕਰਕੇ ਸ਼ਬਦ ਤੇਰੀ ਸਤਿ ਗੁਰ ਕੀ ਸਰਨ ਕੋ ਪ੍ਰਾਪਤ ਹੋ । ਤਾਂ ਤੇਰਾ ਜਨਮ ਤੇ ਮਰਨ ਸੋ ਸੀ ਸਭ ਦੂਰ ਹੋਗਿ ਆ ਸਤਿਗੁਰਾਂ ਕੀ ਸ਼ਰਨ ਲੇਨੇ ਸੇ। ਇਹ ਵਡਿਆਈ ਸਤਿਗੁਰ ਕੀ ਜਿਸਮੇਂ ਮੂਧਾ ਕਵਲ ਸੀਧਾ ਹੋਗਿਆ ਤਾਂ ਅੰਤਰ ਪ੍ਰਕਾਸ਼ ਹੋਣੇ ਲਗਾ । ਜਿਸਨੇ ਮੁਝੇ ਜੁਦਾ ਕੀਆ ਸੀ ਸੋ ਮੈ ਸਤਿ ਗੁਰਾਂ ਸੇ ਜਾਣ ਲੀਆ । ਅਥਵਾ ਮੈਂ ਮਹਾਂ ਮੂਰਖ ਸਾ ਪਰ ਸਤਿ ਗੁਰਾਂ ਦੀ ਕ੍ਰਿਪਾ ਕਰਕੇ ਮੁਝੇ ਦਿਖਾ ਦੀਆ । ਸਤਿਗੁਰ ਹੀ ਕਰਤਾ ਹੈਂ ਏਸ ਸੰਸਾਰ ਕੇ ਸਤਿਗੁਰ ਹੀ ਪ੍ਰਮੇਸਰ ਹੈਂ ਕਰਮਾਂ ਕੇ ਭੁਗਾਣੇ ਵਾਲੇ। ਤਾਂਤੇ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਂਤੇ ਹੈਂ ਬਿਨਾ ਸਤ ਗੁਰ ਕੇ ਕੋਈ ਮੋਖ ਨਹੀਂ ਪਾ ਸਕਦਾ ॥

ਗੋਂਡ ਮਹਲਾ ੫ ॥ ਗੁਰ ਮੇਰੀ ਪੂਜਾ ਗੁਰ ਗੋਬਿੰਦ । ਗੁਰ ਮੇਰਾ ਪਾਰ ਬ੍ਰਹਮ ਗੁਰ ਭਗ ਵੰਤ । ਗੁਰ ਮੇਰਾ ਦੇਉ ਅਲਖ ਅਭੇਉ । ਸਰਬ ਪੂਜ ਚਰਨ ਗੁਰ ਸੇਉ ॥ ੧ ॥ ਗੁਰ ਬਿਨੁ ਅਵਰੁ ਨਾਹੀ ਮੈ ਥਾਉ । ਅਨਦਿਨੁ ਜਪਉ ਗੁਰੂ ਗੁਰ ਨਾਉ ॥ ੧ ॥ ਰਹਾਉ ॥ ਗੁਰ ਮੇਰਾ ਗਿਆਨੁ ਗੁਰੁ ਰਿਦੈ ਧਿਆਨ । ਗੁਰ ਗੋਪਾਲ ਪੁਰਖ ਭਗਵਾਨ । ਗੁਰਕੀ ਸਰਣਿ ਰਹਉ ਕਰ ਜੋਰਿ । ਗੁਰੂ ਬਿਨਾ ਮੈ ਨਾਹੀ ਹੋਰੁ ॥ ੨ ॥ ਗੁਰ ਬੋਹਿਥ ਤਾਰੇ ਭਵ ਪਾਰਿ । ਗੁਰ ਸੇਵਾ ਜਮ ਤੇ ਛੁਟ ਕਾਰਿ । ਅੰਧਕਾਰ ਮਹਿ ਗੁਰ ਮੰਤ੍ਰ ਉਜਾਰਾ ।

ਗੁਰਕੇ ਸੰਗ ਸਗਲ ਨਿਸਤਾਰਾ ॥ ੩ ॥ ਗੁਰ ਪੂਰਾ ਪਾਈਐ ਵਡਭਾਗੀ । ਗੁਰਕੀ ਸੇਵਾ ਦੂਖ ਨ ਲਾਗੀ । ਗੁਰਕਾ ਸਬਦੁ ਨ ਮੇਟੈ ਕੋਇ । ਗੁਰਨਾਨਕ ਨਾਨਕ ਹਰਿ ਸੋਇ ॥ ੪ ॥

ਅਰਥ-ਭਾਂਵੇ ਹੇ ਮੇਰੇ ਸਜਨ ਪ੍ਰਮਾਰਥੀ ਜੋ ਕੁਛ ਹੈ ਸੋ ਸ਼ਬਦ ਭੇਦੀ ਸਤਿਗੁਰ ਹੀ ਹੈਂ । ਕਿਉਂਕਿ ਚਾਰ ਪਦਾਰਥ ਕੇ ਦੇਣੇ ਵਾਲੇ ਸਤਿਗੁਰ ਹੀ ਹੈਂ । ਏਸ ਸ਼ਬਦ ਕਾ ਅਰਥ ਪਾਠ ਮੇਂ ਪ੍ਰਤੀਤ ਹੋਤਾ ਹੈ। ਏਸ ਵਾਸਤੇ ਅਰਥ ਕਾ ਲੰਬਾ ਚੌੜਾ ਕਰਨਾ ਮੁਨਾਸਬ ਨਹੀਂ ਹੈ। ਸ਼ਬਦ ਕੇ ਪਾਠ ਮੇ ਅਰਥ ਭਾਨ ਹੋਤਾ ਹੈ । ਭਾਂਤੇ ਏਸ ਸ਼ਬਦ ਕਾ ਭਾਵ ਏਹੀ ਹੈ ਜੋ ਕੁਛ ਮਾਂਗਨਾ ਹੈ ਸੋ ਸਤਿਗੁਰ ਸੇ ਮਾਂਗ। ਅਰਥ ਪ੍ਰਮਾਰਥ ਕੇ ਦੇਣੇ ਵਾਲੇ ਸਤਿਗੁਰ ਹੀ ਹੈਂ ॥

ਗੌਂਡ ਮਹਲਾ ੫ । ਗੁਰੂ ਗੁਰੂ ਗੁਰੁ ਕਰਿ ਮਨ ਮੋਰ । ਗੁਰੂ ਬਿਨਾ ਮੈ ਨਾਹੀ ਹੋਰੁ । ਗੁਰ ਕੀ ਟੇਕ ਰਹਹੁ ਦਿਨੁ ਰਾਤਿ । ਜਾਕੀ ਕੋਇ ਨ ਮੇਟੈ ਦਾਤਿ ॥ ੧ ॥ ਗੁਰ ਪਰਮੇਸਰੁ ਏਕੋ ਜਾਣੁ । ਜੋ ਤਿਸੁ ਭਾਵੈ ਸੋ ਪਰਵਾਣੁ ॥ ੧ ॥ ਰਹਾਉ ॥ ਗੁਰ ਚਰਣੀ ਜਾਕਾ ਮਨੁ ਲਾਗੈ । ਦੂਖ ਦਰਦ ਭ੍ਰਮ ਤਾਕਾ ਭਾਗੈ । ਗੁਰਕੀ ਸੇਵਾ ਪਾਏ ਮਾਨੁ । ਗੁਰ ਊਪਰਿ ਸਦਾ ਕੁਰਬਾਨੁ ॥ ੨ ॥ ਗੁਰ ਕਾ ਦਰਸਨੁ ਦੇਖਿ ਨਿਹਾਲ । ਗੁਰਕੇ ਸੇਵਕ ਕੀ

ਪੂਰਨ ਘਾਲ । ਗੁਰਕੇ ਸੇਵਕ ਕਉ ਦੁਖ ਨ ਬਿਆਪੈ। ਗੁਰਕਾ ਸੇਵਕ ਦਹ ਦਿਸਿ ਜਾਪੈ॥੩॥ ਗੁਰਕੀ ਮਹਿਮਾ ਕਥਨੁ ਨ ਜਾਇ । ਪਾਰਬ੍ਰਹਮ ਗੁਰ ਰਹਿਆ ਸਮਾਇ । ਕਹੁ ਨਾਨਕ ਜਾਕੇ ਪੂਰੇ ਭਾਗ । ਗੁਰ ਚਰਣੀ ਤਾਕਾ ਮਨੁ ਲਾਗ ॥ ੪ ॥

ਅਰਥ-ਹੇ ਮੇਰੇ ਪਿਆਰੇ ਮਿਤ੍ਰ ਇਸ ਸ਼ਬਦ ਮੇਂ ਕੇਵਲ ਸਤਗੁਰ ਕੀ ਮਹਿਮਾ ਦਿਖਾਈ ਹੈ। ਸਤਿਗੁਰ ਪੂਰੇ ਵਹੀ ਹੈਂ ਜੋ ਸ਼ਬਦ ਭੇਦੀ ਹੈਂ ਜੋ ਸ਼ਬਦ ਕੋ ਭਲੀ ਪ੍ਰਕਾਰ ਜਾਨਤੇ ਹੈਂ । ਪੂਰੇ ਕਿਸਕੋ ਕਹਿਤੇ ਹੈਂ ਜਿਨਕੀ ਕੀਮਤਾ ਸਤਲੋਕ ਤਕ ਜਾਨੇ ਆਨੇ ਕੀ ਹੋ ਵਾ ਜੋਤੇ ਜੀ ਉਨ੍ਹੀਂ ਕੋ ਪਹੁੰਚੇ ਹੂਏ ਕਹਿਤੇ ਹੈਂ । ਬਹੁਤ ਅਰਥ ਕਰਨਾ ਠੀਕ ਨਹੀਂ ਕਿਉਂਕਿ ਗ੍ਰੰਥ ਬਢ੍ਹਨੇ ਕਾ ਡਰ ਹੈ ॥

ਸਿਧ ਗੋਸਟਿ ਵਿਚੋਂ ॥ ਬਿਨੁ ਗੁਰ ਭਰਮੈ ਆਵੈ ਜਾਇ । ਬਿਨੁ ਗੁਰ ਘਾਲ [illegible] ਪਵਈ ਥਾਇ। ਬਿਨੁ ਗੁਰ ਮਨੂਆ ਅਤਿ ਡੋਲਾਇ। ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ। ਬਿਨੁ ਗੁਰ ਬਿਸੀਅਰੁ ਡਸੈ ਮਰਿਵਾਟ। ਨਾਨਕ ਗੁਰ ਬਿਨੁ ਘਾਟੇ ਘਾਟਿ ॥ ੩੯ ॥

ਅਰਥ-ਬਿਨਾ ਸਤਗੁਰ ਕੇ ਭਰਮ ਮੈ ਪੜਾ ਹੈ ਭਰਮ ਕਿਆ ਹੈ ਅਗਿਆਨ। ਤਿਸ ਅਗਿਆਨ ਕੇ ਬਲ ਸੇ ਆਤਾ ਜਾਤਾ ਹੈ। ਕਹਾਂ ਆਤਾ ਜਾਤਾ ਹੈ ਕੇ ਚੁਰਾਸੀ ਮੈ। ਬਿਨਾ ਸਤਿਗੁਰ ਕੇ ਕੋਈ ਘਾਲ

ਇਸਕੀ ਮਨਜ਼ੂਰ ਨਹੀਂ ਹੋਤੀ। ਬਿਨਾ ਸਤਿਗੁਰ ਕੇ ਇਸਕਾ ਮਨ ਅਤੀ ਡੋਲਤਾ ਰਹਿਤਾ ਹੈ। ਡੋਲਤਾ ਕਿਆ ਕਿ ਦਹਦਿਸ ਭਰਮਤਾ ਰਹਿਤਾ ਹੈ। ਬਿਨਾਂ ਸਤਿਗੁਰ ਕੇ ਯੇਹ ਜੀਵ ਤ੍ਰਿਪਤ ਨਹੀਂ ਹੋਤਾ ਕਿਉਂਕਿ ਤ੍ਰਿਸ਼ਨਾ ਇਸਦੀ ਦੂਰ ਨਹੀਂ ਹੋਤੀ ਸਤਗੁਰ ਬਿਨਾ। ਬਿਨਾ ਸਤਿਗੁਰ ਕੇ ਮਨ ਜੋ ਬਿਸੀਅਰ ਹੈ ਇਸਕੋ ਡਸਤਾ ਹੈ। ਮਨ ਕਾ ਡਸਿਆ ਹੂਆ ਹਾਟੋ ਹਾਟ ਕਿਆ ਚੁਰਾਸੀ ਮੇਂ ਜਾਤਾ ਹੈ। ਤਾਂਤੇ ਗੁਰੂ ਨਾਨਕ ਜੀ ਫੁਰਮਾਤੇ ਹੈਂ ਗੁਰੂ ਬਿਨਾ ਇਸਕੋ ਘਾਟੋ ਘਾਟ ਹੈ। ਤਾਂਤੇ ਵਰਤਕੇ ਸਤਗੁਰ ਕੀ ਅਵੱਸ਼ ਜ਼ਰੂਰਤ ਹੈ॥

## ਆਸਾ ਕੀ ਵਾਰ ਕਾ ਸਲੋਕ ਮਃ ੧

**॥ ਬਲਿਹਾਰੀ ਗੁਰ ਆਪਣੇ ਦਿਉ ਹਾੜੀ ਸਦ ਵਾਰ। ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ ੧ ॥ ਮਃ ੨ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ। ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥**

ਅਰਥ-ਐਸੇ ਜੋ ਸ਼ਬਦ ਭੇਦੀ ਸਤਗੁਰ ਹੈਂ। ਤਿਨਕੇ ਊਪਰ ਬਲਿਹਾਰ ਜਾਵਾਂ। ਏਕ ਦਿਨ ਮੇ ਸੌ ਸੌ ਵਾਰੀ ਐਸੇ ਸਤਿਗੁਰ ਪਰ ਕਿਉਂਕਿ ਜਿਨੋਂ ਨੇ ਮੇਰੇ ਕੋ ਦੇਵਤਾ ਬਣਾ ਦੀਆ ਜਿਨੋਂ ਨ ਮੇਰੇ ਪਰ ਦਇਆ ਕਰਕੇ ਸਤਲੋਕ ਮੇਂ ਪੁਚਾਇ ਦੀਆ। ਭਾਵੇਂ ਹਜ਼ਾਰ ਸੂਰਜ ਵਾ ਚੰਦ੍ਰਮਾ ਹੋਵੇ। ਪਰ ਸਤਿਗੁਰ ਬਿਨਾ ਅੰਧੇਰਾ ਹੀ ਹੈ। ਇਸ ਕਰਕੇ ਸਤਿਗਰ ਕੀ ਜ਼ਰੂਰਤ ਅਵੱਸ਼ ਹੈ। ਗੁਰੂ ਕੀ ਬਾਣੀ ਕੇ ਅਰਥ ਕਰਨੇ ਕੀ ਕੋਈ ਜ਼ਰੂਰਤ ਨਹੀਂ ਕਿਉਂਕਿ ਪ੍ਰਤੱਖ ਅਰਥ ਗੁਰਮੁਖਾਂ ਕੋ ਭਾਨ ਹੋਤਾ ਹੈ॥

## ਸਲੋਕ ਤੀਸਰੀ ਪਾਤਸ਼ਾਹੀ ਵਾਰਾਂ ਤੋ ਵਧੀਕ ਵਿਚੋਂ

**॥ ਜਿਨਾ ਸਤਿਗੁਰ ਪੁਰਖ**

ਨ ਸੇਵਿਓ ਸਬਦਿ ਨ ਕੀਤੋ ਵੀਚਾਰ। ਓਹਿ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ। ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿਸਿਉ ਪ੍ਰੀਤਿ ਨ ਪਿਆਰੁ। ਮਨ ਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ। ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰਧਾਰਿ। ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ ॥ ੪੭ ॥

ਅਰਥ-ਜਿਨਾਂ ਸਤਿਗੁਰ ਕੀ ਸੇਵਾ ਨਹੀਂ ਕੀਤੀ ਯਾਨੇ ਸਤਗੁਰਾਂ ਕੀ ਆਗਿਆ ਮੇਂ ਨਹੀਂ ਰਹੇ। ਨਾ ਉਨ੍ਹਾਂ ਸਬਦ ਕਾ ਵਿਚਾਰ ਕੀਤਾ ਕਿ ਸਬਦ ਕਿਆ ਵਸਤੂ ਹੈ। ਸਤਿਗੁਰ ਫੁਰਮਾਉਂਦੇ ਹੈਂ ਵੋਹ ਪੁਰਸ਼ ਢੋਰ ਯਾਨੇ ਪਸ਼ੂ ਕੀ ਸੰਗਿਆ ਉਨਕੀ ਹੈ। ਜੋ ਐਸੇ ਪੁਰਸ਼ ਹੈਂ ਉਨਕੇ ਨਾ ਤੋ ਗਿਆਨ ਹੈ ਨਾ ਉਨਕੇ ਈਸ਼ਰ ਕਾ ਧਿਆਨ ਹੈ। ਨਾ ਉਨਕੇ ਉਸ ਅੰਤ੍ਰਜਾਮੀ ਸੇ ਸਾਥ ਪਿਆਰ ਹੈ। ਵੋਹ ਪੁਰਸ਼ ਸ਼ਬਦ ਸਪਰਸ਼ ਰੂਪ ਰਸ ਗੰਧ ਆਦੀ ਵਿਸ਼ਿਓਂ ਮੇਂ ਮੋਹੇ ਗਏ। ਤੋ ਫਿਰ ਕਿਆ ਹੂਆ ਮਰ ਜੰਮੇ ਵਾਰੋ ਵਾਰ ਯੇਹ ਉਨਕੀ ਦਸ਼ਾ ਹੂਈ। ਤਾਂਤੇ ਹੇ ਭਾਈ ਜੋ ਪੁਰਸ਼ ਜੀਂਵਦਾ ਅਕਾਲ ਪੁਰਖ ਨੂੰ ਮਿਲੇਗਾ ਵੋਹੀ ਜੀਤਾ ਹੈ ਕਿਉਂਕਿ ਉਨ੍ਹਾਂ ਨੇ ਉਸ ਅੰਤ੍ਰਜਾਮੀ ਕੋ ਜੀਂਵਦਿਆਂ ਹੀ ਹਿਰਦੇ ਮੇਂ ਰਖ ਲਿਆ ਹੈ ਗੁਰੂ ਜੀ ਫੁਰਮਾਤੇ ਹੈਂ ਵੋਹੀ ਗੁਰਮੁਖ ਸੋਹਣੇ ਹੈਂ ਉਸ ਮਾਲਕ ਕੇ ਦ੍ਰਬਾਰ ਮੇਂ।

ਅਨੰਦ ਜੀ ਵਿਚੋਂ ॥ ਏਹੁ ਸੋਹਿਲਾ ਸਬਦ ਸੁਹਾਵਾ। ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ। ਏਹੁ ਤਿਨ ਕੈ ਮੰਨਿ ਵਸਿਆ

ਜਿਨਿ ਧੁਰਹੁ ਲਿਖਿਆ ਆਇਆ । ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ । ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥ ੧੬ ॥

ਅਰਥ-ਤਾਂਤੇ ਹੇ ਪਿਆਰੇ ਸਬਦ ਹੀ ਤੇਰਾ ਮਿਤ੍ਰ ਹੈ ਸੋ ਤੁਝੇ ਸਤਿਗੁਰਾਂ ਸੁਣਾ ਦੀਆ ਹੈ । ਸਤਿਗੁਰ ਕਾ ਸਬਦ ਉਨਕੇ ਮਨ ਮੇਂ ਵਸਦਾ ਹੈ ਜਿਨਕੋ ਧੁਰ ਕਾ ਲਿਖਿਆ ਆਇਆ ਹੈ । ਏਕ ਅਨੇਕਾਂ ਗੁਰਾਂ ਦੀਆਂ ਬਾਤਾਂ ਕਰਦੇ ਹੈਨ ਵਾ ਬਦੇਸ ਆਦੀ ਫਿਰਦੇ ਹਨ ਪਰ ਗਲੀਂ ਕਿਸੇ ਨਹੀਂ ਪਾਯਾ ॥ ਪ੍ਰਮਾਣ ॥ ਜੈਸੇ ਵਾਚਕ ਗਿਆਨੀ ਖਾਲੀ ਹੈਂ ਕੇਵਲ ਗਲਾਂ ਹੀ ਉਨਕੇ ਪਾਸ ਹੈਨ। ਤਾਂਤੇ ਗੁਰੂ ਜੀ ਫਰਮਾਤੇ ਹੈਂ ਤੇਰਾ ਸਬਦ ਹੀ ਸੁਹੇਲਾ ਜਾਨੋ ਮਿਤ੍ਰ ਹੈ ਜੋ ਤੁਝੇ ਸਤਿਗੁਰਾਂ ਨੇ ਸੁਣਾ ਦੀਆ ਹੈ । ਇਸ ਵਾਸਤੇ ਸਬਦ ਭੇਦੀ ਜੋ ਮਹਾਂਪੁਰਖ ਹੈਨ ਤੂੰ ਉਨਕਾ ਖੋਜ ਕਰ ॥

ਸਾਰੰਗਦੀ ਵਾਰਦਾ ਪਹਿਲਾ ਸਲੋਕ ਮਃ ੧ ॥ ਗੁਰ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ । ਨਾਨਕ ਗੁਰ ਬਿਨੁ ਮਨਕਾ ਤਾਕੁ ਨ ਉਘੜੈ ਅਵਰੁ ਨ ਕੁੰਜੀ ਹਥਿ ॥ ੧ ॥

ਅਰਥ-ਐਸੇ ਸਤਗੁਰ ਕੋ ਖੋਜ ਜਿਨਕੇ ਹਾਥ ਮੈ ਸਬਦ ਰੂਪੀ ਕੁੰਜੀ ਹੈ । ਤਾਂ ਤੇਰੇ ਮਨ ਕਾ ਤਾਕ ਉਘੜੇਗਾ । ਸਬ ਤਾਕ ਖੁਲ ਜਾਵੇਗਾ ਤਾਂ ਸਰਬ ਪਦਾਰਥ ਤੇਰੇ ਕੋ ਦ੍ਰਿਸਟ ਆ ਜਾਵੇਂਗੇ ॥

ਮਾਝ ਰਾਗਦੀ ਅਸਟਪਦੀ ੨੬ ਵੀਂ ਵਿਚੋਂ ਪਉੜੀ ਸਤਵੀਂ ॥ ਬਿਨੁ ਸਬਦੈ ਅੰਤਰਿ ਆ

ਨੇਰਾ । ਨ ਵਸਤੁ ਲਹੈ ਨ ਚੂਕੈ ਫੇਰਾ । ਸਤਿਗੁਰ ਹਥ ਕੁੰਜੀ ਹੋਰਤੁ ਦਰਿ ਖੁਲੈ ਨਾਹੀ ਗੁਰ ਪੂਰੈ ਭਾਗਿ ਮਿਲਾਵਣਿਆ ॥ ੭ ॥

ਅਰਥ-ਭਾਂਤੇ ਹੇ ਪਿਆਰੇ ਸਬਦ ਰੂਪੀ ਕੁੰਜੀ ਸ਼ਬਦ ਭੇਦੀ ਸਤ ਗੁਰ ਕੇ ਪਾਸ ਹੈ। ਹੋਰ ਦੂਸਰੇ ਸੇ ਏਹ ਦਰ ਨਹੀਂ ਖੁਲਦਾ ਜੋ ਪੂਰੇ ਸੰਤ ਹੈਂ ਵੋਹੀ ਖੋਲ ਸਕਤੇ ਹੈਂ। ਐਸੇ ਪੂਰੇ ਸਤਿਗੁਰ ਬਡੇ ਭਾਗਸ ਮਿਲ ਤੇ ਹੈਨ। ਤਾਂ ਏਸ ਸਬਦ ਰੂਪੀ ਕੁੰਜੀ ਨਾਲ ਦਰ ਖੁਲਦਾ ਹੈ ॥

ਸ੍ਰੀ ਰਾਗਦਾ ੯੮ ਵਾਂ ਸ਼ਬਦ ਸਿਰੀ ਰਾਗ ਮਹਲਾ ੫ ॥ ਗੁਰ ਪਰਮੇਸਰੁ ਪੂਜੀਐ ਮਨਿ ਤਨਿ ਲਾਇ ਪਿਆਰੁ । ਸਤਿਗੁਰ ਦਾਤਾ ਜੀਅ ਕਾ ਸਭ ਸੈ ਦੇਇ ਅਧਾਰ ॥

ਅਰਥ-ਭਾਂਤੇ ਹੇ ਮੇਰੇ ਪ੍ਰਮਾਰਥੀ ਭਾਈ ਐਸੇ ਜੋ ਸਤਿਗੁਰ ਹੈਂ ਤੂ ਉਨਾਂ ਨੂੰ ਪੂਜ ਪ੍ਰਮੇਸਰ ਦੀ ਜਗਾ । ਕਿਉਂਕਿ ਸਤਿਗੁਰ ਮੈ ਅਰ ਪ੍ਰਮੇਸਰ ਮੇਂ ਕੋਈ ਭੇਦ ਨਹੀਂ ॥ ਪ੍ਰਮਾਣ ॥ ਗੁਰ ਪਰਮੇਸਰ ਏਕੋ ਜਾਣ । ਜੋ ਤਿਸ ਭਾਵੈ ਸੋ ਪਰਵਾਣ । ਕਿਉਕਿ ਸਭ ਜੀਵਾਂ ਕਾ ਆਧਾਰ ਹੈਂ ਸਤਿਗੁਰ ਪੂਰੇ । ਐਸੇ ਸਤਿਗੁਰ ਦੁਰਲਭ ਹੈਂ ਬੜੇ ਭਾਗ ਸੇ ਮਿਲਤੇ ਹੈਂ ॥

ਸੁਖਮਨੀ ਸਾਹਿਬ ਵਿਚੋਂ ਅਠਾਰਵੀਂ ਅਸ ਟਪਦੀ ਦਾ ਸਲੋਕੁ ॥ ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰ ਤਿਸਕਾ ਨਾਉ । ਤਿਸਕੈ ਸੰਗਿ ਸਿਖ ਉਧਰੈ ਨਾਨਕ ਹਰਿਗੁਨਗਾਉ ॥ ੧ ॥

ਅਰਥ-ਜੈ ਮਹਾਤਮਾਂ ਸਚਖੰਡ ਮੇ ਗਏ ਉਨਾਂ ਸਤ ਪੁਰਖ ਕੋ

ਦਰਸਨ ਪਾਇਆ। ਇਸੀ ਵਾਸਤੇ ਓਨਾਂ ਕਾ ਨਾਮ ਸਤਿਗੁਰ ਹੂਆ ਓਨਾਂ ਮਹਾਤਮਾ ਕੀ ਸਿਖਿਆ ਨਾਲ ਸਿੱਖ ਕਾ ਉਧਾਰ ਹੂਆ ਹੈ। ਇਸੀ ਵਾਸਤੇ ਉਨਕਾ ਨਾਮ ਸਤਿਗੁਰ ਕਹਾ ਹੈ ॥

ਪ੍ਰਸ਼ਨ-ਸਤਗੁਰ ਕਿਸਕੋ ਕਹਿਤੇਹੈਂ ਸਾਧ ਕੌਣ ਹੈ ਭੇਖੀ ਕਿਆਹੈ ਪਖੰਡੀ ਕਿਸਕੋ ਕਹਿਤੇਹੈਂ। ਇਨ ਚਾਰੋਂਕਾ ਸਰੂਪ ਕੈਹਣਾਜਰੂਰੀਹੈ॥

ਪ੍ਰਸ਼ਨ ਕਾ ਉਤ੍ਰ-ਸੁਣ ੧ ਪੈਹਲੇ ਸਤਿਗੁਰ ਕਾ ਸਰੂਪ ਸਤਿਗੁਰ ਵੋਹ ਹੈ ਜੋਤੇਸੀ ਸਤਲੋਕ ਮੇ ਜਿਨਕੀ ਗਮਤਾ ਹੈ ॥ ੨ ਦੂਸਰੇ ਸਾਧ ਵੋਹ ਹੈ ਜੋ ਸਤਲੋਕ ਕੇ ਜਾਣੇ ਕੀ ਸਾਧਨਾ ਕਰ ਰਹੇ ਹੈਂ। ਸਤ ਗੁਰ ਸੇ ਉਪਦੇਸ਼ ਲੇਕੇ ਅਭਿਆਸ ਕਰ ਰਹੇ ਹੈਂ। ਵੋਹ ਭੀ ਕਿਸੀ ਰੋਜ ਸਤਲੋਕ ਮੇ ਪੌਂਹਚ ਜਾਵੇਂਗੇ ॥ ੩ ਤੀਸਰੇ ਭੇਖ ਸਨਿਆਸੀ ਵਾ ਉਦਾਸੀ ਵਾ ਬਰਾਗੀ ਹੋਰ ਕਈ ਤਰਾਂ ਦੇ ਭੇਖ ਸੰਸਾਰ ਮੇ ਜੋ ਹੈਂ ਏ ਭੇਖੀ ਹੈਂ। ਚੌਥੇ ਪਖੰਡੀ ਜੈਸੇ ਝਾਟਕੇ ਮਾਂਗ ਕਰ ਸਭ ਬਿਹਾਰ ਕਰਤੇ ਹੈਂ। ਫੇਰ ਭਗਵੇਂ ਪੈਹਨ ਕਰ ਬੜੇ ਮਹਾਤਮਾ ਬਣ ਜਾਂਦੇ ਹੈਂ। ਪ੍ਰਦੇਸ ਮੇ ਜਾਕਰ ਜਟਾ ਧਾਰੀ ਮਹਾਤਮਾ ਬਣ ਕਰ ਹਜ਼ਾਰਾਂ ਰੁਪਏ ਲਾਤੇ ਹੈਂ। ਘਰ ਮੇ ਆਕਰ ਫਿਰ ਗ੍ਰਹਸਥੀ ਪੂਰੇ ਪੂਰੇ ਬਣ ਜਾਤੇ ਹੈਂ।

## ਗੂਜਰੀ ਦੀ ਦੂਸਰੀ ਵਾਰ ਦਾ ਪਹਿਲਾ

**ਸਲੋਕ ਮਃ ੫ ॥ ਅੰਤਰਿ ਗੁਰੂ ਅਰਾਧਣਾ ਜਿਹਵਾ ਜਪਿ ਗੁਰ ਨਾਉ। ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ। ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ। ਕਹੁ ਨਾਨਕ ਕਿਰਪਾ ਕਰੇ ਜਿਸਨੋ ਏਹ ਵਥੁ ਦੇਇ। ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ ੧ ॥**

ਅਰਥ-ਹੇ ਸੱਜਣ ਅੰਤਰ ਗੁਰੂਨੂੰ ਅਰਾਧ ਸਿਰਧਾ ਕਰਕੇ ਸਤਗੁਰੂ ਨੂੰ ਸਲਾਹ। ਨੇਤ੍ਰੀ ਸਤਗੁਰੂ ਨੂੰ ਦੇਖ ਬਿਆਪਕ ਕੰਨਾਂ ਕਰਕੇ ਸਤ ਗੁਰੂ ਕਾ ਨਾਮ ਸੁਣ। ਐਸੇ ਜੋ ਸਤਿਗੁਰ ਹੈਂ ਉਨਕੇ ਸਾਥ ਪਰੀਤੀ ਕਰ। ਤਾਂ ਤੁਝੇ ਦਰਗਹ ਮੇ ਨਿਵਾਸ ਹੋਗਾ ਸੱਤ ਪੁਰਸ਼ ਕੇ ਚਰਨੋ ਮੇ। ਗੁਰੂ ਜੀ ਫੁਰਮਾਤੇ ਹੈਂ ਜਿਸ ਪਰ ਗੁਰੂ ਦੀ ਕ੍ਰਿਪਾ ਹੋਵੇ ਉਸਕਾ ਵਹਾਂ ਨਿਵਾਸ ਹੋਤਾ ਹੈ। ਦੇਖੋ ਕਿਸੇ ਵਿਰਲੇ ਕਾ ਵਹਾਂ ਜਾਣਾ ਹੋਤਾ ਹੈ ਜਿਸਕੇ ਭਾਗ ਮੇ ਹੋਵੇ॥

ਸੋਰਠਿ ਮਹਲਾ ੩ ॥ ਸਤਿਗੁਰ ਸੁਖ ਸਾਗਰ ਜਗ ਅੰਤਰਿ ਹੋਰਥੈ ਸੁਖ ਨਾਹੀ। ਹਉਮੈ ਜਗਤ ਦੁਖ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥ ੧ ॥ ਪ੍ਰਾਣੀ ਸਤਿਗੁਰ ਸੇਵਿ ਸੁਖੁ ਪਾਇ । ਸਤਿਗੁਰ ਸੇਵਹਿ ਤਾਂ ਸੁਖੁ ਪਾਵਹਿ ਨਾਹਿਤ ਜਾਹਿਗਾ ਜਨਮੁ ਗਵਾਇ॥੧॥ ਰਹਾਉ ॥ ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸੁ ਸਾਦੁ ਨ ਆਇਆ । ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖ ਪਾਇਆ ॥ ੨ ॥ ਸਤਿਗੁਰ ਸੇਵੇ ਸੋ ਵਡਭਾਗੀ ਜਿਸਨੋ ਆਪਿ ਮਿਲਾਏ । ਹਰਿ ਰਸੁ ਪੀ ਜਨੁ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥ ੩ ॥ ਇਹੁ ਜਗੁ ਅੰਧਾ ਸਭ ਅੰਧੁ ਕਮਾਵੈ ਬਿਨੁ ਗੁਰ ਮਗੁ

**ਨ ਪਾਏ ॥ ਨਾਨਕ ਸਤਿਗੁਰ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ॥ ੪ ॥ ੨ ॥**

ਅਰਥ-ਸਤਿਗੁਰ ਸੁਖ ਸਾਗਰ ਜਗ ਅੰਦਰ ਹੋਰ ਥੈ ਸੁਖ ਨਾਹੀ। ਇਸ ਸੰਸਾਰ ਮੇ ਜੋ ਸ਼ਬਦ ਭੇਦੀ ਸਤਗੁਰ ਹੈਂ ਉਨਕੇ ਚਰਨਾਂ ਮੇਂ ਸੁਖ ਹੈ ਹੋਰ ਕਿਸੀ ਜਗਾ ਸੁਖ ਨਹੀਂ। ਇਸਮੇ ਬਝਕੇ ਸੁਖ ਕਿ ਅਕਾਲ ਪੁਰਖ ਕਾ ਸ਼ਬਦ ਬਿਆਪਕ ਹੈ। ਉਸਮੇ ਸੁਰਤਕੋ ਲਗਾਣਾ ਯਿਹ ਸਰਬ ਸੁਖ ਕੀ ਖਾਣੀ ਹੈ। ਪਰਾਣੀ ਸਤਗੁਰ ਸੇਵ ਸੁਖ ਪਾਇ। ਸਤਿਗੁਰ ਸੇਵੇ ਤਾਂ ਸੁਖ ਪਾਵੇ ਨਾਹਿਤ ਜਾਹਿਗਾ ਜਨਮ ਗਵਾਇ। ਹੇ ਪ੍ਰਾਣੀ ਜਬ ਤਕ ਸ਼ਬਦ ਭੇਦੀ ਸਤਿਗੁਰ ਨੂੰ ਨਹੀਂ ਸੇਂਵਦਾ। ਤਬ ਤਕ ਤੇਰਾ ਜਨਮ ਦਾ ਮਰਨਾ ਟਿਕਾ ਰਹੇਗਾ। ਕਿਉਂਕਿ ਸਰਬ ਸੁਖ ਕੇ ਦੇਣੇ ਵਾਲੇ ਦੇਹ ਧਾਰੀ ਸਤਗੁਰੂ ਹੀ ਹੈਂ। ਸਤ ਲੋਕ ਵਾ ਅਲਖ ਲੋਕ ਵਾ ਅਗੰਮ ਲੋਕ ਕੋ ਲੈਜਾਣੇ ਵਾਸਤੇ ਸ਼ਬਦ ਭੇਦੀ ਹੈਂ। ਤ੍ਰੈਗੁਣ ਧਾਤ ਬਹੁ ਕਰਮ ਕਮਾਵੈ ਹਰਿ ਰਸ ਸਾਦ ਨ ਆਇਆ। ਸੰਧਿਆ ਤਰਪਣ ਕਰਹਿ ਗਾਇਤ੍ਰੀ ਬਿਨ ਬੂਝੇ ਦੁਖ ਪਾਇਆ। ਤਿੰਨਾਂ ਗੁਣਾਂ ਦੇ ਅਧੀਨ ਅਨੇਕ ਕਰਮਾਂ ਕੋ ਕੀਆ ਪਰ ਹਰੀ ਰਸ ਨਾ ਆਇਆ। ਸੰਧਿਆ ਤਰਪਣ ਔਰ ਗਾਇਤ੍ਰੀ ਬਹੁਤ ਕੀਏ ਪਰ ਕੋਈ ਫਾਇਦਾ ਨਾ ਮਿਲਾ ਕਿਉਂਕਿ ਜੋ ਕਰਮ ਕੀਆ ਵਹੁ ਮਾਇਆ ਕੇ ਅਧੀਨ ਕੀਆ ਇਸਵਾਸਤੇ ਜੀਵਕੋ ਫਾਇਦਾ ਨਾ ਮਿਲਾ। ਸਤਗੁਰ ਕੇ ਬਿਨਾ ਨਾ ਭੇਦ ਬੁਝਿਆ ਨਾ ਸੁਖ ਹੂਆ। ਸ਼ਬਦ ਭੇਦੀ ਮਿਲਤੇ ਤਾਂ ਇਸ ਕਉ ਜੋ ਜੁਗਤੀ ਬਤਾਵੰਦੇ ਤਾਂ ਇਸਕੋ ਨਿਰ ਸਹਜ ਸੁਖ ਹੋਤਾ। ਸਤਿਗੁਰ ਸੇਵੇ ਸੋ ਵਡਭਾਗੀ ਜਿਸਨੋ ਆਪ ਮਿਲਾਏ। ਹਰਿ ਰਸ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪ ਗਵਾਏ। ਸੋ ਜੀਵ ਵਡੇ ਭਾਗਾਂ ਵਾਲੇ ਹੈਂਨ ਜੋ ਸਤਗੁਰ ਕੀ ਸੇਵਾ ਮੇਂ ਲਗਦੇ ਹੈਂ ਕਿਉਂਕਿ ਉਨਾਂ ਕੀ ਸੇਵਾ ਦੇਖਕੇ ਅੰਤ੍ਰਜਾਮੀ ਨੇ ਅਪਨੇ ਚਰਨਾਂ ਮੇਂ ਮਿਲਾ ਲੀਆ ਇਹ ਜਗੁ ਅੰਧਾ ਸਭ ਅੰਧ ਕਮਾਵੈ ਬਿਨ ਗੁਰ ਮਗ ਨ ਪਾਏ। ਨਾਨਕ ਸਤਿਗੁਰ ਮਿਲੈ ਤ ਅਖੀ ਵੇਖੈ ਘਰੈ ਅੰਦਰ ਸਚੁ ਪਾਏ। ਸ੍ਰੀ ਗੁਰੂ ਜੀ ਫਰਮਾਤੇ ਹੈਂ ਸਤਗੁਰ ਮਿਲੇ ਤਾਂ ਅਖੀ ਦੇਖੈ ਆਪਨੇ ਅੰਦਰ ਜੋ

ਪ੍ਰੀਤਮ ਪਿਆਰਾ ਹੈ ਜਿਸਕੋ ਪਾ ਕਰੇ। ਜਗਤ ਜੋ ਅੰਧਾ ਅੰਧ ਕਰਮ ਕਰਤਾ ਹੈ ਇਸ ਵਾਸਤੇ ਇਸਕੋ ਅੰਤ੍ਰਜਾਮੀ ਕੀ ਖਬਰ ਨਹੀਂ ਪੜਤੀ ॥

ਸੋਰਠਿ ਮਹਲਾ ੩ ॥ ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦਹੀ ਪਾਏ। ਹਰਿਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥ ੧ ॥ ਬਿਨੁ ਸਤਿਗੁਰ ਸਭੁ ਜਗੁ ਬਉਰਾਨਾ। ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥੧॥ ਰਹਾਉ॥ ਤ੍ਰੈਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨੁ ਕਮਾਏ। ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥ ੨ ॥ ਤ੍ਰੈਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ। ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥ ੩ ॥ ਤ੍ਰੈਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ। ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥ ੪ ॥

ਅਰਥ-ਸਾਹਿਬ ਤੀਸਰੀ ਪਾਤਸ਼ਾਹੀ ਫੁਰਮਾਤੇ ਹੈਂ। ਸਤਗੁਰ ਸੇਵੈ ਤਾਂ ਸਹਿਜ ਧੁਨ ਉਪਜੇ ਗਤ ਮਤ ਤਦਹੀ ਪਾਏ। ਸਬਦੁ ਤੋਂ ਲੇਕੇ ਸਤਿਗੁਰਕੀ ਸੇਵਾ ਤਨਮਨ ਵਾ ਧਨ ਕਰਕੇ ਕਰੇ। ਤਾਂ ਅੰਤ੍ਰਜਾਮੀ ਕੀ ਗਤਮਤ ਕੋ ਪਾ ਸਕਦਾ ਹੈ। ਅਥਵਾ ਉਸਕੇ ਸਬਦ ਕੋ ਸੁਣ ਸਕਦਾ

ਹੇ ਹਰ ਕਾ ਨਾਮ ਕਿਆ ਜੋ ਧੁਨ ਕਾ ਸਰਵਨ ਕਰਨਾ ਸਤਗੁਰ ਸੇ ਮਿਲਕੇ ਫਿਰ ਕਿਆ ਹੋਗਾ ਧੁਨ ਆਤਮਕ ਮੇ ਸਮਾ ਜਾਵੇਗਾ। ਗੁਰਕ ਸਬਦ ਧਰ । ਚਾਰ ਚੌਥੇ ਜਿਸ ਪਦ ਮੇਂ ਪਹੁੰਚ ਜਾਵੇਗੀ ਇਸੀ ਕੋ ਮਹਾਤਮਾ ਕੇਵਲ ਮੁਕਤੀ ਕੇਹਤੇ ਹੈਂ। ਦ੍ਰਿਸਟਾਂਤ । ਜਿਉ ਜਲ ਮੇ ਜਲ ਆਏ ਖਟਾਨਾ । ਤਿਉ ਜੋਤੀ ਸੰਗ ਜੋਤ ਸਮਾਨਾ । ਮਿਟਗਏ ਗਵਨ ਪਾਏ ਬਿਸਰਾਮ । ਨਾਨਕ ਪ੍ਰਭਕੇ ਸਦ ਕੁਰਬਾਨ ॥ ਇਸ ਜੀਵ ਕਾ ਜੋ ਚੁਰਾਸੀ ਗਵਨ ਸੀ ਸੋ ਮਿਟ ਗਿਆ । ਬਿਨਾ ਸਤਿਗੁਰ ਕੇ ਜਗ ਬੌਰਾਨਾ ਅਰਥਾ ਸੈਦਾਈ ਮਨਮੁਖ ਅੰਧ। ਕਿਉਂਕਿ ਸਬਦਕੋ ਨਹੀਂ ਜਾਨਤਾ ਝੂਠੇ ਭਰਮਾਂ ਮੇ ਖਜਾਹੇ । ਤਾਂਤੇ ਕੇਵਲ ਮੁਕਤੀ ਕੇ ਦੇਣੇ ਵਾਲੇ ਸਬਦ ਭੇਦੀ ਸਤਗੁਰ ਹੀ ਹੈਂ। ਕਿਉਂ ਨਹੀ ਸਤ ਗੁਰਕੋ ਮਿਲਕੇ ਲੇਤਾ ਮੁਕਤੀ। ਏਸ ਵਾਸਤੇ ਨਹੀਂ ਲੇਤਾ ਜੋ ਮਾਇਆ ਕੇ ਭਰਮ ਮੇ ਭੁਲ ਗਿਆ। ਸਬਦ ਭੇਦੀ ਕੇ ਪਾਸ ਨਾ ਗਿਆ ਨਾ ਮਾਇਆ ਕੇ ਭਰਮ ਸੇ ਬਾਹਿਰ ਹੂਆ ਇਸ ਵਾਸਤੇ ਮਨਮੁਖ ਚੌਰਾਸੀ ਕੇ ਧਕੇ ਖਾਤਾ ਰੋਹਤਾ ਹੈ ਇਸੀ ਵਾਸਤੇ ਜਨਮ ਤੇ ਮਰਨ ਕੇ ਚੱਕਰ ਮੇ ਪੜਾ ਹੈ। ਤਿੰਨਾਂ ਗੁਣਾਂ ਵਿਚ ਸੰਸਾਰ ਵਰਤਦਾ ਹੈ। ਇਸੀ ਵਾਸਤੇ ਹੌਮੈ ਵਿਚ ਆਪਣੀ ਪਤ ਕੋ ਖੋ ਦੀਆ। ਕੋਈ ਗੁਰਮੁਖ ਚੌਥੇ ਪਦ ਕੋ ਦੇਖਦਾ ਹੈ ਤੇ ਉਸਕੋ ਸੁਖ ਹੋਤਾ ਹੈ। ਗੁਰਮੁਖ ਏਹ ਜਾਣਦਾ ਹੈ ਜੋ ਮਾਇਆ ਦਾ ਗੁਣ ਸਭ ਤੇਰੇ ਹੈਂ ਤੂ ਇਨਾਂ ਸਭਨਾ ਕਾ ਕਰਤਾ ਹੈਂ ਜੋ ਤੇਰੀ ਰਜਾ ਹੈ ਸੋ ਤੂ ਕਰ। ਸਾਹਬ ਭੀ ਸਚੀ ਪਾਤਸ਼ਾਹੀ ਫੁਰਮਾਤੇ ਹੈਂ ਵੋਹ ਜੋ ਨਾਮ ਹੈ ਉਸੀ ਸੇ ਨਿਸਤਾਰਾ ਹੋਗਾ। ਸਬਦੇ ਹੌਮੈ ਖੋਈ ਸਬਦ ਹੀ ਹੌਮੈ ਕੋ ਨਸ਼ਟ ਕਰਤਾ ਹੈ ਨਾਨਕ ਨਾਮ ਜੋ ਚੌਥੇ ਪਦਕਾ ਹੈ ਉਸੀਸੇ ਇਸਕਾ ਨਿਸਤਾਰਾ ਹੋਗਾ॥

**ਭਾਈ ਗੁਰਦਾਸ ਜੀ ॥ ਗੁਰਮੁਖਿ ਮਾਰਗਿ ਪੈਰ ਧਰਿ ਦਹਦਿਸ ਬਾਰਹ ਬਾਟ ਨ ਧਾਇਆ ਗੁਰ ਮੂਰਤਿ ਗੁਰੁ ਧਿਆਨੁ ਧਰਿ ਘਟਿ ਘਟਿ ਪੂਰਨ ਬ੍ਰਹਮੁ ਦਿਖਾਇਆ । ਸਬਦ ਸੁਰਤਿ**

ਉਪਦੇਸੁ ਛਿਰ ਪਾਰਬ੍ਰਹਮੁ ਗੁਰ ਗਿਆਨੁ ਜਣਾਇਆ। ਜਿਨ੍ਹਾ ਅਲੂਣੀ ਚਟਣੀ ਚਰਣ ਕਵਲ ਚਰਣੋਦਕ ਪਿਆਇਆ। ਗੁਰਮਤਿ ਨਿਹਚਲ ਚਿਤ ਕਰਿ ਸੁਖ ਸੰਪਟ ਵਿਚ ਨਿਜ ਘਰਿ ਛਾਇਆ। ਪਰ ਤਨ ਪਰ ਧਨ ਪਰਹਰੇ ਪਾਰਸਪਰਸ ਅਪਰਸ ਰਹਾਇਆ। ਸਾਧ ਅਸਾਧ ਸਾਧ ਸੰਗਿ ਆਇਆ ॥ ੧ ॥

ਅਰਥ-ਭਾਂਤੇ ਹੇ ਭਾਈ ਭਾਈ ਗੁਰਦਾਸ ਜੀਕੀ ਬਾਣੀ ਕੌ ਦੇਖੋ ਭਾਈ ਜੀ ਸੁਰਤ ਸਬਦ ਕਾ ਅਭਿਆਸ ਵਾ ਦੇਹ ਧਾਰੀ ਸਤਗੁਰ ਕੀ ਸਰਨ ਲੈਨਾ ਵਾ ਅਧਿਕਾਰੀ ਕਾ ਸਰੂਪ ਭਾਈ ਜੀਨੇ ਫਰਮਾਇਆ ਹੈ। ਇਸ ਸੇ ਜਿਆਦਾ ਦੇਖਣਾ ਹੋਵੇ ਤਾਂ ਵਾਰਾਂ ਦੇ ਅੰਗ ਪੰਨਾ ੧੬ ਪਰ ਲਗਾ ਦੀਏ ਹੈਂ। ਵੋਹ ਦੇਖ ਲਵੋ ਭਾਈ ਜੀ ਕੀ ਬਾਣੀ ਕਾ ਅਰਥ ਪ੍ਰਤੱਖ ਭਾਨ ਹੋਤਾ ਹੈ। ਗੁਰਮੁਖਾਂ ਵਾਸਤੇ ਜਿਆਦਾ ਅਰਥ ਇਸ ਵਾਸਤੇ ਨਹੀਂ ਕੀਤਾ ਗ੍ਰੰਥਕੇ ਬਢਨੇ ਸੇ ॥

ਧ੍ਰਿਗ ਸਿਰੁ ਜੋ ਗੁਰ ਨਾ ਨਿਵੈ ਗੁਰਲਗੈ ਨ ਚਰਣੀ। ਧ੍ਰਿਗ ਲੋਇਣ ਗੁਰ ਦਰਸੁ ਬਿਨੁ ਵੇਖੇ ਪਰਤਰਣੀ। ਧ੍ਰਿਗ ਸਰਵਣ ਉਪਦੇਸ ਬਿਨੁ ਸੁਣਿ ਸੁਰਤਿ ਨ ਧਰਣੀ। ਧ੍ਰਿਗ ਜਿਹਬਾ ਗੁਰਸਬਦੁ ਬਿਨੁ ਹੋਰ ਮੰਤ੍ਰ ਸਿਮਰਣੀ। ਬਿਨੁ ਸੇਵਾ ਧ੍ਰਿਗ ਹਥੁ ਪੈਰ ਹੋਰ ਨਿਹਫਲ ਕਰਣੀ।

ਪੀਰ ਮੁਰੀਦਾ ਪਿਰਹੜੀ ਸੁਖ ਸਤਿਗੁਰ ਸਰਣੀ ॥ ੨ ॥ ਅਰਥ ਸਪਸ਼ਟ ਹੈ ॥

ਸੋਰਠਿ ਮਹਲਾ ੩ ਚੌਤੁਕੇ ॥ ਸਚੀ ਭਗਤਿ ਸਤਿਗੁਰ ਤੇ ਹੋਵੈ ਸਚੀ ਹਿਰਦੈ ਬਾਣੀ । ਸਤਿਗੁਰ ਸੇਵੇ ਸਦਾ ਸੁਖੁ ਪਾਏ ਹਉਮੈ ਸਬਦਿ ਸਮਾਣੀ । ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰੁ ਭੂਲੀ ਫਿਰੈ ਇਆਣੀ । ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ ॥ ੧ ॥ ਭਾਈ ਰੇ ਸਦਾ ਰਹਹੁ ਸਰਣਾਈ । ਆਪਣੀ ਨਦਰਿ ਕਰੇ ਪਤਿ ਰਾਖੈ ਹਰਿਨਾਮੋ ਦੇ ਵਡਿਆਈ ॥ ੧ ॥ ਰਹਾਉ ॥ ਪੂਰੇ ਗੁਰਤੇ ਆਪੁ ਪਛਾਤਾ ਸਬਦਿ ਸਚੈ ਵੀਚਾਰਾ । ਹਿਰਦੈ ਜਗ ਜੀਵਨ ਸਦ ਵਸਿਆ ਤਜਿ ਕਾਮ ਕ੍ਰੋਧ ਅਹੰਕਾਰਾ । ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ । ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ ॥ ੨ ॥ ਸਤਿਗੁਰ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ । ਹਰਿ ਰਸੁ

ਰਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ। ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ। ਤਨੁ ਮਨੁ ਨਿਰਮਲੁ ਨਿਰਮਲੁ ਬਾਣੀ ਸਚੇ ਸਚਿ ਸਮਾਇਆ ॥ ੩ ॥ ਰਾਮ ਨਾਮ ਕੀ ਗਤਿ ਕੋਇ ਨ ਬੂਝੈ ਗੁਰਮਤਿ ਰਿਦੈ ਸਮਾਈ। ਗੁਰਮੁਖਿ ਹੋਵੈ ਸੁ ਮਗੁ ਪਛਾਣੈ ਹਰਿ ਰਸ ਰਸਨ ਰਸਾਈ। ਜਪੁ ਤਪੁ ਸੰਜਮੁ ਸਭੁ ਗੁਰਤੇ ਹੋਵੈ ਹਿਰਦੈ ਨਾਮੁ ਵਸਾਈ। ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ ਦਰਿ ਸਾਚੈ ਪਤਿ ਪਾਈ ॥ ੪ ॥

ਅਰਥ-ਸਚੀ ਭਗਤ ਸਤਗੁਰ ਤੇ ਹੋਵੈ ਤਾਂ ਸਚੀ ਏਸਦੀ ਬਾਣੀ ਜਦ ਸਤਗੁਰ ਨੂੰ ਮਿਲਿਆ ਤਾਂ ਜਿਸਨੀ ਏਦੀ ਹਉ ਮੈ ਸੀ ਸੋ ਸਮਾਗਈ। ਬਿਨ੍ਹਾ ਸਤਿਗੁਰ ਸਚੇ ਸੇ ਭਗਤੀ ਨਹੀਂ ਹੋਤੀ ਭੂਲੀ ਫਿਰੇ ਇਆਣੀ। ਮਨਮੁਖ ਜੈਸੇ ਸਦਾ ਦੁਖ ਕੋ ਪਾਤੇ ਹੈਂ ਡੂਬ ਮੂਏ ਬਿਨ ਪਾਣੀ। ਹੇ ਭਾਈ ਤੂੰ ਗੁਰਾਂ ਕੀ ਸਰਨ ਹੋ ਨਾਮ ਕੋ ਜਪ ਤੇਰੀ ਦਰਗਾਹ ਮੇ ਪਤ ਰਹੇਗੀ ॥੧॥ਰਹਾਉ॥ ਪੂਰੇ ਗੁਰੂ ਨੂੰ ਮਿਲਕੇ ਸਚਾ ਸੋ ਸਬਦ ਹੀ ਤਿਸਕੋ ਬਿਚਾਰ। ਜਦ ਸਬਦ ਇਸਕੋ ਮਿਲਾ ਤੋ ਹਿਰਦੇ ਮੇ ਵਸ ਗਿਆ ਤਾਂ ਕਾਮ ਕ੍ਰੋਧ ਸਭ ਚਲੇ ਗਏ। ਵੋਹ ਅੰਤਰ ਜਾਮੀ ਜੋ ਸਾਰੇ ਪੂਰਨ ਹੈ ਉਸਕਾ ਨਾਮ ਹਿਰਦੇ ਮੇ ਰਖ ਲੀਆ। ਜੁਗਾਂ ਜੁਗਾਂ ਮੇਂ ਸਬਦ ਹੀ ਬਾਣੀ ਹੂ ਜਾਣ ਜਿਨਾਂ ਇਸ ਨਾਮ ਨੂੰ ਪਿਆਰਾ ਸਮਝਾ ਵਹੁ ਸੀਤੇਸੀ ਮੋਖ ਹੋਗਏ। ਜਿਨਾਂ ਏਸ ਨਾਮ ਨੂੰ ਪਛਾਤਾ ਉਨਕਾ ਜਨਮ ਸੁਫਲ ਹੋਇਆ। ਪੁਨ [illegible] ਆਤਮੈਂ ਸੇ

ਨਾਮ ਹੈ ਇਸਨੂੰ ਸਪਰਸੇ ਤ੍ਰਿਪਤ ਹੋਂਗੇ ਸਰਬ ਕ੍ਰਿਪਾ ਕਰਕੇ ਪ੍ਰਸੰਨ ਹੋਂਗੇ। ਹਿਰਦੇ ਮੇਂ ਜੋ ਕਵਲ ਹੈ ਉਸਕਾ ਪ੍ਰਕਾਸ਼ ਹੋਣੇ ਲਗਾ [illegible] ਰੋਮ ਮੇ [illegible] ਤਾਂ ਅਨਹਦ ਸਬਦ ਬਸਾਇਆ । ਤਨ ਤੇ ਮਨ ਤੇ ਬਾਣੀ ਸਭ ਨਿਰਮਲ ਹੋਗਏ ਤਾਂ ਸਚਾ ਜੋ ਮਾਲਕ ਹੈ ਉਸਮੇ ਸਮਾਗਏ। ਉਸ ਨਾਮ ਕੀ ਗਤੀ ਕੋ ਦੂਸਰਾ ਨਹੀਂ ਜਾਣਦਾ ਗੁਰਮੁਖਾਂ ਕੇ ਰਿਦੇ ਮੇਂ ਸਮਾ ਗਈ । ਗੁਰਮੁਖ ਹੀ ਇਸ ਮਾਰਗ ਕੋ ਜਾਨਤੇ ਹੈਂ ਉਸ ਹਰੀ ਨਾਲ ਉਨਕੀ ਰਸਾਈ ਹੋਗਈ ਜਿਤਨੇ ਸੰਜਮ ਹੈਂ ਸੋ ਸਭ ਸਬਦ ਭੇਦੀ ਨੇ ਪਾਏ ਤਾਂ ਹਿਰਦੇ ਮੇ ਨਾਮ ਵਸ ਗਿਆ । ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਏ ਹੈਂ ਜਿਨਾਂ ਨਾਮ ਕੋ ਪਛਾਣਾ ਹੈ ਉਨ੍ਹਾਂਨੇ ਉਸ ਮਾਲਕ ਕੀ ਦਰਗਹ ਮੇ ਪਤ ਕੋ ਪਾਇਆ ॥

ਸੋਰਠਿ ਮਹਲਾ ੩ ਦੁਤੁਕੇ ॥ ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ। ਸੋ ਗੁਰੂ ਸੋ ਸਿਖ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥ ੧ ॥ ਮਨ ਰੇ ਹਰਿ ਹਰਿ ਸੇਤੀ ਲਿਵ ਲਾਇ । ਮਨ ਹਰਿ ਜਪਿ ਮੀਠਾ ਲਾਗੈ ਭਾਈ ਗੁਰਮੁਖਿ ਪਾਏ ਹਰਿ ਥਾਇ ॥ ੧ ॥ ਰਹਾਉ ॥ ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ। ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ ॥ ੨ ॥ ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ ਸਾਚੀ ਪ੍ਰੀਤਿ ਪਿਆਰਿ। ਸਦਾ ਹਰਿ

**ਕੇ ਗੁਣ ਰਵੈ ਭਾਈ ਗੁਰ ਕੈ ਹੇਤਿ ਅਪਾਰਿ॥੩॥ ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ। ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ ਮੇਲਾਇ ॥ ੪ ॥**

ਅਰਥ-ਹੇ ਪ੍ਰਮਾਰਥੀ ਭਾਈ ਜਦ ਸਤਿਗੁਰ ਨੂੰ ਮਿਲਾ ਤਾਂ ਉਲਟੀ ਭਈ ਉਲਟੀ ਕਿਆ ਜੋ ਉਲਟਕੇ ਸਤਲੋਕ ਕੋ ਚਲੀ ਜਹਾਂ ਇਸਕਾ ਨਿਜ ਘਰ ਥਾ। ਸਬਦ ਭੇਦੀ ਸਤਿਗੁਰ ਸੇ ਜੁਗਤੀ ਲੈਕੇ ਨਿਜ ਘਰ ਕੋ ਚਲੋ। ਏਹ ਜੋ ਉਪਦੇਸ਼ ਹੈ ਸੋ ਜੀਤੇਜੀ ਮਰੇ ਤਾਂ ਸਤਲੋਕਮੇਂ ਪਹੁੰਚੇਗਾ ਵੋਹੀ ਗੁਰੂ ਵੋਹੀ ਸਿਖ ਜੋ ਜੋਤੀਜੋਤ ਮਿਲਾਏ ਹੇ ਭਾਈ ਉਸ ਅੰਤਰਜਾਮੀ ਦਾ ਜੋ ਨਾਮ ਹੈ ਤੂੰ ਹਿਰਦੇ ਮੇ ਰਖ ਲੈ। ਸਤਿਗੁਰ ਥੋਂ ਬਿਨਾ ਪ੍ਰੀਤ ਨਾਮ ਨਾਲ ਨਹੀਂ ਹੁੰਦੀ ਮਨਮੁਖ ਦੂਜੈ ਭਾਇ। ਕੂੜ ਕੂਟੇ ਮਨਮੁਖ ਕਰਮ ਕਰੇ ਭਾਈ ਪੱਲੈ ਕਛੂ ਨਾ ਪਾਏ। ਗੁਰ ਮਿਲੀਐ ਨਾਮ ਮਨਿ ਵਸਿਆ ਭਾਈ। ਉਸਕੀ ਸਚੀ ਪ੍ਰੀਤ ਹੈ ਆਉਣਾ ਉਸੀ ਕਾ ਪ੍ਰਵਾਣ ਹੈ ਜੋ ਗੁਰਾਂ ਕੀ ਸੇਵਾ ਮੇ ਲਗ ਗਿਆ। ਸੋ ਗੁਰੂ ਨਾਨਕ ਦੇਵ ਜੀ ਫਰਮਾਤੇ ਹੈਂ ਨਾਮ ਕੋ ਪਾਕੇ ਪਤ ਪਾਈਦੀ ਹੈ ਗੁਰੂ ਕੇ ਮਿਲਕੇ॥

## ਸਫਾ ੨੨ ਦੇ ਮੁਤੱਲਕ ਪੌੜੀਆਂ ਦੇ ਅੰਕ

| | |
|---|---|
| ਵਾਰ ੫ | ਪੌੜੀ ੧ |
| ਵਾਰ ੬ | ਪੌੜੀ ੩-੬ ਤੇ ੧੦ |
| ਵਾਰ ੧੨ | ਪੌੜੀ ੫ |
| ਵਾਰ ੧੩ | ਪੌੜੀ ੫ ਤੇ ੨੧ |
| ਵਾਰ ੧੪ | ਪੌੜੀ ੧ |

| | | |
|---|---|---|
| ਵਾਰ ੧੮ | ਪੌੜੀ | ੧ |
| ਵਾਰ ੨੦ | ਪੌੜੀ | ੨੦ |
| ਵਾਰ ੨੪ | ਪੌੜੀ | ੧੪ |
| ਵਾਰ ੨੭ | ਪੌੜੀ | ੧੪ ਤੇ ੧੭ |
| ਵਾਰ ੨੮ | ਪੌੜੀ | ੫ ਤੇ ੨੦ |
| ਵਾਰ ੩੭ | ਪੌੜੀ | [illegible] |
| ਵਾਰ ੪੦ | ਪੌੜੀ | ੧ |


## ਅੰਗ ੨ ਪ੍ਰੇਮੀ ਕਾ ਸਰੂਪ

**ਜੋ ਜੀਤੇਜੀ ਸਤਲੋਕ ਮੇਂ ਜਾਨਾ ਚਾਹਤਾ ਹੈ**

ਵਡਹੰਸ ਦੇ ਤੀਸਰੇ ਸ਼ਬਦ ਦੀ ਛੇਕੜ ਦੀ ਤੁਕ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ। ਸੀਸ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥

ਅਰਥ-ਜੋ ਮੇਰੇ ਅੰਤ੍ਰਯਾਮੀ ਦੇ ਮਿਲਨੇ ਕੀ ਜੁਗਤੀ ਬਤਾਵੇ। ਉਸਕੇ ਬੈਠਣ ਵਾਸਤੇ ਹੰਕਾਰ ਰੂਪੀ ਸਿਰ ਕੋ ਕਾਟ ਕਰ ਉਸ ਪਰ ਉਨ ਮਹਾਤਮਾ ਕੋ ਬਠਾਵੇ ਜਿਤਨੀ ਸੇਵਾ ਉਨਕੀ ਹੋ ਨਿਰਹੰਕਾਰ ਹੋਕਰ ਕਰੇ ਯਹੀ ਸਿਰ ਕਾਟਕੇ ਬੈਸਣ ਦੇਵੇ ਤਾਂ ਹੰਕਾਰ ਸੇ ਰਹਿਤ ਸੇਵਾ ਕਰੇ ॥

## ਵਾਰਾਂ ਤੇ ਵਧੀਕ ਸਲੋਕ ਪਹਲੀਪਾਤਸ਼ਾਹੀ ਦਾ ਵੀਹਵਾਂ ਸਲੋਕ ॥ ਜਉ ਤਉ ਪ੍ਰੇਮ ਖੇਲਣ ਕਾ ਚਾਉ । ਸਿਰੁ ਧਰਿ ਤਲੀ ਗਲੀ ਮੇਰੀ ਆਉ । ਇਤੁ ਮਾਰਗਿ ਪੈਰੁ ਧਰੀਜੈ । ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥

ਅਰਥ-ਹੇ ਮੇਰੇ ਪਿਆਰੇ ਭਾਈ ਸਿਰ ਦੇਕੇ ਕਾਣ ਯਾਨੇ ਹਸਾਨ ਨਾ ਕਰ ਤਾਂਤੂੰ ਇਸ ਮਾਰਗ ਕੇ ਲਾਇਕ ਹੋਵੇਂਗਾ ਕਿਉਂਕਿ ਏਹ ਮਾਰਗ ਬਹੁਤ ਕਠਨ ਹੈ । ਜੇ ਤੂੰ ਇਸ ਮਾਰਗ ਮੇ ਚੱਲਣਾ ਚਾਹੁੰਦਾ ਹੈਂ ਤਾਂ ਤਲੀ ਪਰ ਸਿਰ ਆਪਣਾ ਰਖਕੇ ਆ । ਤਲੀ ਪਰ ਸਿਰ ਕਿਆ ਜੈਸੇ ਦੁਨੀਆਂ ਸੇ ਮਰਗਿਆ ਹੈਂ । ਜਬ ਦੁਨੀਆਂ ਦੀ ਤਰਫ ਸੇ ਮਰੇਂਗਾ ਤਾਂ ਸਚਲੋਕ ਮੇ ਪਹੁੰਚ ਜਾਵੇਂਗਾ ॥ ਤਾਂਤੇ ਇਸ ਮਾਰਗ ਮੇਂ ਪ੍ਰੇਮ ਕੀ ਜ਼ਰੂਰਤ ਅਵੱਲ ਹੈ । ਕਬੀਰਾ ਯੇਹ ਤੋ ਘਰ ਹੈ ਪ੍ਰੇਮਕਾ ਖਾਲਾ ਜੀ ਕਾ ਨਾਹਿ । ਸੀਸ ਉਤਾਰੇ ਭੁਏਂ ਧਰੇ ਤੌ ਪੈਠੇ ਘਰ ਮਾਹਿ । [illegible] ਪ੍ਰਮਾਰਥੀ ਭਾਈ ਯੇਹ ਖੇਡ ਸਿਰਕੇ ਪ੍ਰੇਮ ਕੀ ਹੈ । ਸਾਹਬ ਫਰਮਾਤੇ ਹੈਂ । ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ । ਜਬ ਤੀਕ ਐਸਾ ਪ੍ਰੇਮ ਨਾ ਹੋਵੇਗਾ ਤਬ ਤਕ ਸਚਲੋਕ ਮੇ ਨਹੀਂ ਜਾ ਸਕਦਾ ਜੀਓਜੀ ॥

## ਮਾਸ ਆਦੀ ਖਾਣੇ ਨਾ ਖਾਵੇ

## ਮਾਝ ਰਾਗ ਦੀ ਵਾਰ ਸਲੋਕ [illegible] ੧ ॥ ਜੇਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ । ਜੋਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲਚੀਤੁ॥੧॥

ਅਰਥ-ਹੇ ਮੇਰੇ ਪਿਆਰੇ ਭਾਈ, ਸਾਹਿਬ ਫਰਮਾਤੇ ਹੈਂ ਜਿਸ ਕਪੜੇ ਕੋ ਰਤ ਲਗ ਜਾਵੇ ਵੋਹ ਭਰਿਸ਼ਟ ਹੋਜਾਂਦਾ ਹੈ । ਤਾਂ ਜੋ ਪੁਰਸ਼

ਓਸ ਮੁਰਦੇ ਕੋ ਖਾਵੇਂਗੇ ਉਨਕਾ ਅੰਤਹ ਕਰਣ ਜ਼ਰੂਰ ਅਸ਼ੁਧ ਹੋ ਜਾ ਵੇਗਾ। ਉਨਕਾ ਜੋ ਹਿਰਦਾ ਸੀ ਵੋਹ ਮਲੀਨ ਹੋਗਿਆ ਕਾਹਿਕ ਓਸ ਭਜਨ ਕੇ ਨਾ ਰਿਹਾ॥

## ਅਮਲ ਕਾ ਨਾ ਕਰਨਾ

**ਕਬੀਰ ਜੀਦਾ ਸਲੋਕ ੨੩੪ ਵਾਂ॥ ਕਬੀਰ ਭਾਂਗ ਮਾਛੁਲੀ ਸੁਰਾਪਾਨ ਜੋ ਜੋ ਪ੍ਰਾਨੀ ਖਾਂਹਿ। ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ ੨੩੪॥**

ਅਰਥ-ਹੇ ਮੇਰੇ ਮਨਮੁਖ ਭਾਈ ਭੰਗ ਕੇ ਮੱਛੀ ਵਾ ਸ਼ਰਾਬ ਆਦੀ ਨਸ਼ੇ ਸਭ ਕਾ ਤਿਆਗ ਕਰ ਕਿਉਂਕਿ ਜਿਤਨੇ ਸ਼ੁਭ ਕਰਮ ਹੈਂ ਇਨ ਕੇ ਖਾਣੇ ਸੇ ਸਭ ਨਸ਼ਟ ਹੋਜਾਤੇ ਹੈਂ ਜੋ ਮਹਾਤਮਾ ਇਨਕਾ ਤਿਆਗ ਕਰੇਂਗੇ ਉਨ੍ਹੀ ਕਾ ਅੰਤਾਕਰਣ ਭਜਨ ਕੇ ਲਾਇਕ ਹੋਗਾ। ਬਲਕਿ ਜੋ ਇਸਕਾ ਅਹਾਰ ਥਾ ਉਸਸੇ ਭੀ ਅਧਾ ਖਾਵੇ ਤਾਂ ਭਜਨ ਅਸਾਨੀ ਸੇ ਹੋਗਾ॥

**ਸਾਰੰਗਦੀ ਵਾਰਦਾ ਸਲੋਕ ੨੨ ਵਾਂ॥**

**ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ॥**

ਅਰਥ-ਘਟ ਕਿਆ ਮੇਹਨਤ ਕਰ ਅਥਵਾ ਨੌਕਰੀ ਵਾ ਬਾਪਾਰ ਕਰੇ। ਸਾਹਬ ਫਰਮਾਤੇ ਹੈਂ ਆਪ ਭੀ ਗੁਜ਼ਾਰਾ ਕਰੋ ਔਰ ਜੋ ਮਰੇ ਭੁਖੇ ਪਿਆਸੇ ਹੈਂ ਉਨਕੋ ਭੀ ਦਿਓ। ਐਸੇ ਜੋ ਮਨੁਖ ਹੈਂ ਸੋ ਓਸ ਅੰਤਰਜਾਮੀ ਕੇ ਰਸਤੇ ਕੋ ਪਛਾਣੇਂਗੇ॥

## ਭਗਤੀ ਕਾ ਸਰੂਪ

**ਸੁਖਮਨੀ ਸਾਹਿਬ ਕੀ ਅਠਾਰਵੀਂ ਅਸਟ**

**ਪਦੀ ਦੀ ਦੂਸਰੀ ਪਉੜੀ ॥ ਗੁਰਕੈ ਗ੍ਰਿਹਿ ਸੇਵਕੁ ਜੋਰਹੈ। ਗੁਰਕੀ ਆਗਿਆ ਮਨ ਮਹਿ ਸਹੈ। ਆਪਸ ਕਉ ਕਰਿ ਕਛੁ [redacted] ਜਨਾਵੈ। ਹਰਿਹਰਿ ਨਾਮੁ ਰਿਦੈ ਸਦ ਧਿਆਵੈ। ਮਨੁ ਬੇਚੈ ਸਤਿਗੁਰ ਕੈ ਪਾਸਿ। ਤਿਸੁ ਸੇਵਕ ਕੇ ਕਾਰਜ ਰਾਸਿ। ਸੇਵਾ ਕਰਤ ਹੋਇ ਨਿਹਕਾਮੀ। ਤਿਸਕਉ ਹੋਤ ਪਰਾਪਤਿ ਸੁਆਮੀ। ਅਪਨੀ ਕਿਰਪਾ ਜਿਸੁ ਆਪਿ ਕਰੇਇ। ਨਾਨਕ ਸੋ ਸੇਵਕ ਗੁਰ ਕੀ ਮਤਿ ਲੇਇ ॥ ੨ ॥**

ਅਰਥ-ਐਸਾ ਸੇਵਕ ਹੋਣਾ ਜ਼ਰੂਰੀ ਹੈ ਸਤਿਗੁਰਾਂ ਕੇ ਪਾਸ ਰੈਹਕੇ ਹਰ ਤਰਾਂ ਕੀ ਸੇਵਾ ਕਰਨੀ। ਜੋ ਸੇਵਾ ਸਤਿਗੁਰ ਕਹੇ ਓਸ ਸੇਵਾ ਕੋ ਆਗਿਆ ਅਨੁਸਾਰ ਕਰਨਾ। ਤਾਂਤੇ ਐਸੀ ਸੇਵਾ ਕੋ ਕਰਕੇ ਅਪਨੇ ਮਨ ਮੇਂ ਅਭਿਮਾਨ ਕੋ ਨਾ ਲਾਵੇ। ਮੁਨਾਸਬ ਹੈ ਕੇ ਵੋਹ ਸੇਵਕ ਹਰ ਵਕਤ ਨਾਮ ਕਾ ਅਰਾਧਨ ਕਰਤਾ ਰਹੇ। ਓਸ ਸੇਵਕ ਕੋ ਮੁਨਾਸਬ ਹੈ ਕਿ ਅਪਣੇ ਮਨ ਕਰਕੇ ਕੁਛ ਨਾ ਕਹੇ ਕਿਉਂਕਿ ਮਨ ਤੋ ਸਤਿਗੁਰ ਕੇ ਪਾਸ ਵੇਚ ਦੀਆ ਅਬ ਦੂਸਰਾ ਕਾਮ ਨਹੀਂ ਹੋਸਕਤਾ ਕਿਉਂ ਨਹੀਂ ਹੋਤਾ ਮਨ ਤੋ ਦੇਦੀਆ ਮਨ ਕੇ ਆਸਰੇ ਸੀ ਸਭ ਕਾਰਰਵਾਈ। ਸੇਵਾ ਕੋ ਕਰੈ ਸਤਿਗੁਰ ਸੇ ਉਸਕਾ ਫਲ ਨਾ ਚਾਹੇ। ਐਸਾ ਜੋ ਪ੍ਰੇਮੀਹੈ ਉਸਕੇ ਜੋ ਕਾਰਜ ਹੈਂ ਦੁਨਿਆਵੀ ਵਾ ਪ੍ਰਮਾਰਥੀ ਸਭ ਖੁਦ ਹੋਤੇ ਚਲੇ ਜਾਵੇਂਗੇ। ਐਸਾ ਜੋ ਸੇਵਕ ਹੈ ਗੁਰਮੁਖ ਤਿਸਕੋ ਜ਼ਰੂਰ ਸਤਲੋਕ ਪ੍ਰਾਪਤ ਹੋਗਾ ਜੀਤੇਜੀ। ਸਤਿਗੁਰ ਆਪ ਨੀ ਖਾਸ ਕਿਰਪਾ ਆਪ ਹੀ ਕਰੇਂਗੇ। ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਤੇ ਹੈਂ ਐਸਾ ਜੋ ਸੇਵਕ ਹੈ ਸੋ ਸਤਿਗੁਰ ਕੀ ਮੱਤ ਕੋ

ਲੇਤਾਂ ਹੈ ਕਿਆ ਕੇ ਉਨਕੇ ਸਦਰਸ ਹੋਜਾਤਾ ਹੈ ॥

ਅੰਗ੍ਰੇਜ਼ ਸੇਵਕਾ ਅਰਥ ਕਰਨੇਕੀ ਕੋਈ ਜ਼ਰੂਰਤਨਹੀਂ ਅੰਗ੍ਰੇਜ਼ਸੇਵਕ ਕਾ ਸਰੂਪ ਸਮਝ ਮੇ ਆ ਜਾਤਾ ਹੈ । ਪ੍ਰੇਮੀ ਖੁਦ ਸਮਝ ਲਵੇਗਾ ॥

**ਮਾਝ ਦੀ ਵਾਰ ਦਾ ਤੀਸਰਾ ਸਲੋਕ ਮਃ ੨ ॥ ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ । ਰੁਹਲਾ ਟੁੰਡਾ ਅੰਧੁਲਾ ਕਿਉ ਗਲ ਲਗੈ ਧਾਇ । ਭੈਕੇ ਚਰਣ ਕਰ ਭਾਵਕੇ ਲੋਇਣ ਸੁਰਤਿ ਕਰੇਇ । ਨਾਨਕ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥ ੧ ॥**

ਅਰਥ-ਹੇ ਪਿਆਰੇ ਦੇਖਦਾ ਸੁਣਦਾ ਵਾ ਜਾਣਦਾ । ਫੇਰ ਸਾਉ ਕੋ ਨਹੀਂ ਪਾਉਂਦਾ ਯਿਹ ਕਿਆ ਬਾਇਸ ਹੈ । ਰੁਹਲਾ ਕਿਆ ਜੋ ਉਸ ਮਾਰਗ ਮੇਂ ਨਹੀਂ ਚਲਤਾ । ਵੋਹ ਮਾਰਗ ਕਿਆ ਜੋ ਸ਼ਬਦ ਭੇਦੀ ਸਤਿਗੁਰ ਕੀ ਸਰਨ ਨਹੀਂ ਲੇਤਾ । ਟੁੰਡਾ ਕਿਆ ਜੋ ਸ਼ਬਦ ਭੇਦੀ ਸਤਿਗੁਰ ਕੀ ਸੇਵਾ ਨਹੀਂ ਕਰਦਾ ਇਸ ਵਾਸਤੇ ਟੁੰਡਾ ਹੈ । ਜਬ ਤਕ ਸ਼ਬਦ ਭੇਦੀ ਸਤਿਗੁਰ ਕੋ ਪ੍ਰਸਿੰਨ ਨਾ ਕਰੇਗਾ ਤਬ ਤਕ ਇਸ ਮਿਲਨ ਕੇ ਲਾਇਕ ਨਹੀਂ ਹੋਗਾ । ਅੰਧਾ ਇਸ ਵਾਸਤੇ ਹੈ ਜੋ ਜਾਣਦਾ ਸਭ ਬਾਤ ਸੋ ਹੈ ਪਰ ਕਰਦਾ ਨਹੀਂ । ਸਭ ਬਾਤ ਜਾਣਕੇ ਨਾ ਕਰਨਾ ਯਿਹ ਇਸਕਾ ਪ੍ਰਮਾਦ ਹੈ । ਇਸ ਵਾਸਤੇ ਰੁਹਲਾ ਵਾ ਟੁੰਡਾ ਵਾ ਅੰਧੁਲਾ ਹੈ ਇਸ ਵਾਸਤੇ ਉਸ ਅੰਤਰਜਾਮੀ ਕੋ ਨਹੀਂ ਮਿਲ ਸਕਤਾ । ਮਿਲਨੇ ਕਾ ਜੋ ਸਾਧਨ ਹੈ ਵੋਹ ਨਹੀਂ ਕਰਤਾ ਤਾਂ ਕਿਸ ਤਰਾਂ ਉਸ ਮਾਲਕ ਕੋ ਮਿਲ ਸਕਤਾ ਹੈ । ਸਾਹਿਬ ਦੂਸਰੀ ਪਾਤਸ਼ਾਹੀ ਫਰਮਾਤੇ ਹੈਂ । ਭੈਕੇ ਚਰਨ ਕਰ ਔਰ ਭਾਵਕੇ ਲੋਇਨ ਕਰੇ । ਕੌਨ ਕਰੇ ਜੋ ਸੁਰਤ ਧਾਨੇ ਜੀਵ ਆਤਮਾ ਕਰੇ । ਸਾਹਬ ਫਰਮਾਤੇ ਹੈਂ ਤਾਂ ਵੋਹ ਜੀਵ ਸਿਆਣੇਗਾ ਅਥਵਾ ਉਸ ਮਾਲਕ ਕੇ ਸਾਥ ਇਸ ਜੀਵ ਕਾ ਮਿਲਾਪ ਹੋਗਾ । ਉਸ ਮਾਲਕ ਕੇ ਚਰਨੋਂ ਮੇ ਇਸ

ਰਾਮ ਸਰੂਰ ਪਾਵੇਗਾ ॥

**ਨਿਵਣ ਸੁ ਅਖਰ ਖਿਵਣ ਗੁਣ ਜਿਹਬਾ ਮਣੀਆ ਮੰਤ। ਏ ਤ੍ਰੈ ਭੈਣੇ ਵੇਸ ਕਰ ਤਾਂ ਵਸਿ ਆਵੀ ਕੰਤ ॥**

ਅਰਥ-ਤਾਂ ਤੇ ਭਾਈ ਐਸੇ ਕਰ ਤਾਂ ਤੂੰ ਅਕਾਲਪੁਰਖ ਨੂੰ ਮਿਲੇਂਗਾ॥

**ਸਲੋਕ ਮਹਲਾ ੨ ॥ ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ। ਪੈਰਾਂ ਬਾਝਹੁ ਚਲਣਾ ਵਿਣੁ ਹਥਾਂ ਕਰਣਾ। ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ । ਨਾਨਕ ਹੁਕਮੁ ਪਛਾਣਿਕੈ ਤਉ ਖਸਮੈ ਮਿਲਣਾ ॥**

ਅਰਥ-ਤਾਂ ਤੇ ਹੇ ਪਿਆਰੇ ਭਾਈ ਜੀਂਵਦਾ ਹੀ ਮਰੇਂਗਾ ਤਾਂ ਤੂੰ ਆਪਣੇ ਮਾਲਕ ਨੂੰ ਮਿਲੇਂਗਾ । ਮਰਨਾ ਕਿਆ ਜੋ ਦੁਨੀਆਂ ਕੀ ਤਰਫ ਸੇ ਮਰਜਾਣਾ ਮਰਨੇ ਸੇ ਪੇਹਲੇ ਉਸ ਅੰਤਰਜਾਮੀ ਕੇ ਚਰਨੋਂ ਮੇ ਪਹੁੰਚਣਾ ਜੀਤੇਜੀ । ਜਿਤਨੇ ਦੁਨੀਆਂ ਕੇ ਪਦਾਰਥ ਹੈਂ ਮਾਇਕ ਸਭ ਸੇ ਚਿਤ ਕੋ ਹਟਾ ਲਵੇ ਜੋ ਤੁਝੇ ਜੋ ਸਬਦ ਤੇਰੇ ਸਤਿਗੁਰ ਨੇ ਉਪਦੇਸ਼ ਕੀਆ ਹੈ ਤੂ ਉਸ ਉਪਦੇਸ਼ ਕੋ ਭਲੀ ਪ੍ਰਕਾਰ ਕਮਾ ਤਾਂ ਕੇ ਉਸ ਖਸਮ ਕੋ ਮਿਲੇਂ । ਵੋਹ ਕੌਣ ਹੈ ਵੋਹ ਤੂੰ ਕ ਮਾਲਕ ਹੈ ਸਭਕਾ ਜਬ ਤਕ ਤੂੰ ਉਸ ਮਾਲਕ ਦੇ ਚਰਨਾਂ ਮੇ ਨਾ ਪਹੁੰਚੇਂਗਾ ਤਬ ਤਕ ਤੇਰਾ ਮੋਖ ਨਹੀਂ ਹੋਗਾ । ਕਿਉਂਕਿ ਤੂੰ ਉਸ ਮਾਲਕ ਕੀ ਅੰਸ ਹੈਂ। ਜੈਸੇ ਸਮੁਦ੍ਰ ਕੀ ਬੂੰਦ ਸਮੁਦ੍ਰ ਮੇਂ ਮਿਲੇ ਤਾਂ ਅਭੇਦ ਹੋਤੀ ਹੈ । ਇਸੀ ਤਰਾਂ ਯੇਹ ਮਾਲਕ ਕੀ ਅੰਸ ਹੈ ਜਬ ਤਕ ਮਾਲਕ ਨੂੰ ਨਾ ਮਿਲੇਗੀ ਤਬ ਤਕ ਜਨਮ ਪਾਤੀ ਰਹੇਗੀ ॥

ਪ੍ਰਸੰਗ । ਦਸਾਂ ਕਾ ਗੁਰੂ ਕੇ ਪਿਆਰੇ ਸੇਵਕੋਂ ਕਾ। ਸੇਵਕ ਐਸੇ

ਠੀਕੇ ਕਹੀਏ ਹਕ ਜੈਸੇ ਭਾਈ ਗੁਰਦਾਸ ਜੀ ਵਾ ਜੈਸੇ ਭਾਈ ਮਨੀ ਸਿੰਘ ਜੀ ਜਿਨਕੋ ਸ਼ਹੀਦੀ ਕਾ ਖਿਤਾਬ ਮਿਲਾ। ਔਰ ਮਹਾਤਮਾ ਸੇਵਕ ਹੂਏ ਹੈਂ ਜਿਨਕੇ ਪੁਸਤਕ ਮੇ ਨਾਮ ਦਰਜ ਹੈਂ। ਇਸ ਵਾਸਤੇ ਬਹੁਤ ਸੇਵਕ ਲਿਖਣੇ ਕੀ 'ਕੋਈ ਜ਼ਰੂਰਤ ਨਹੀਂ'। ਜਿਸ ਮਹਾਤਮਾ ਨੇ ਦੇਖਣਾ ਹੋਵੇ ਵੋਹ ਗੁਰੂ ਘਰ ਕੇ ਜੋ ਜੋ ਸੇਵਕ ਹੂਏ ਹੈਂ ਵੋਹ ਗ੍ਰੰਥਾਂ ਮੇ ਪ੍ਰਸਿੱਧ ਹੈਂ ਵੋਹ ਦੇਖ ਸਕਤੇਹੈਂ॥

---

# ਅੰਗ ੩ ਅਭਿਆਸ ਸੁਰਤ ਸਬਦ

## ਸਬਦ ਕਾ ਸਰੂਪ ਵਾ ਭੇਦ ਵਾ ਮੈਹਮਾ

**ਏਹ ਸਬਦ ਬਿਹੰਗਮਦਾ ਹੈ॥ਸਬਦੋਂ ਧਰਤੀ ਸਬਦ ਅਕਾਸ। ਸਬਦੋਂ ਸਬਦ ਭਿਆ ਪ੍ਰਕਾਸ। ਸਗਲੀ ਸ੍ਰਿਸਟ ਸਬਦ ਕੇ ਪਾਛੇ। ਨਾਨਕ ਸਬਦ ਘਟੇ ਘਟ ਆਛੇ॥**

ਅਰਥ-ਹੇ ਮੇਰੇ ਮਿਤ੍ਰ ਉਸ ਮਾਲਕ ਯਾਨੇ ਅਕਾਲ ਪੁਰਖ ਕਾ ਯੇਹ ਸਬਦ ਹੈ। ਇਸ ਵਾਸਤੇ ਸਰਬ ਅਸਥਾਨੋਂ ਮੇਂ ਬਿਆਪਕ ਹੋ ਰਹਾ ਹੈ। ਏਹ ਜਿਤਨਾ ਪਸਾਰਾ ਹੈ ਯੇ ਸਬ ਉਸ ਮਾਲਕਕੇ ਸ਼ਬਦ ਸੇ ਹੂਆ ਹੈ। ਜਾਵਤ ਜੋ ਸ੍ਰਿਸ਼ਟੀ ਹੈ ਯੇਹ ਸਭ ਸ਼ਬਦ ਕੇ ਪੀਛੇ ਉਤ-ਪੰਨ ਹੂਈ ਹੈ। ਸਬਦ ਸਭਕਾ ਆਦ ਹੈ ਵਾ ਸਭ ਤਾ ਪਰਾ ਹੈ। ਜੈਸੇ ਸ੍ਰੀ ਗੁਰੂ ਜੀ ਫਰਮਾਤੇ ਹੈਂ ਜਿਤਨੇ ਜੀਵ ਹੈਂ ਸਭਕੇ ਅੰਤਰ ਸ਼ਬਦ ਬਿਆਪਕ ਹੋ ਰਹਾ ਹੈ। ਉਸ ਸ਼ਬਦ ਕੋ ਵੋਹੀ ਸੁਣਤਾ ਹੈ ਜੋ ਸ਼ਬਦ ਭੇਦੀ ਸਤਿਗੁਰ ਕੀ ਸ਼ਰਨ ਕੋ ਪ੍ਰਾਪਤ ਹੂਆ ਹੈ ਜਬ ਤਕ ਭੇਦ ਨਾ ਮਿਲੇ ਤਬ ਤਕ ਸੁਣ ਨਹੀਂ ਸਕਦਾ॥

**ਸਿਧਗੋਸਟ ਦੀ ਪੰਜਵੀਂ ਪਉੜੀ ॥ ਜੈਸੇ**

ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈ ਸਾਣੇ । ਸੁਰਤਿ ਸਬਦ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ ॥

ਅਰਥ-ਸਾਹਬਾਂ ਦੇ ਦ੍ਰਿਸ਼ਟਾਂਤ ਦੀਏ ਹੈਂ ਵੋਹ ਯੇਹ ਹੈਂ ਏਕ ਕਮਲ ਕਾ, ਏਕ ਮੁਰਗਾਈ ਕਾ । ਯੇਹ ਦੋਨੋਂ ਜਲ ਮੇ ਰਹਿਤੇ ਹੈਂ ਪਰ ਜਲ ਇਨ ਦੋਨੋਂ ਕੋ ਸਪਰਸ਼ ਨਹੀਂ ਕਰਤਾ । ਦ੍ਰਾਸ਼ਟਾਂਤ ॥ ਤੈਸੇ ਹੀ ਜੋ ਸੰਸਾਰ ਰੂਪੀ ਸਮੁੰਦ੍ਰ ਮੇ ਰਹਿਤੇ ਹੈਂ ਪਰ ਉਨਕੋ ਸਬਦ ਸਪ੍ਰਸ਼ ਰੂਪ ਰਸ ਗੰਧ ਕਭੀ ਦੁਖ ਨਹੀਂ ਦੇਤੇ । ਕਿਉਂਕਿ ਉਨ ਮਹਾਤਮਾ ਨੇ ਸਬਦ ਰੂਪੀ ਸੰਜੋਅ ਕੋ ਪੈਹਨਾ ਹੂਆ ਹੈ ॥

## ਅਨੰਦ ਵਿਚੋਂ

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥ ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ ੫ ॥ ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ਪਾਰ ਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥ ਦੂਖਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ

**ਪੂਰੇ ਗੁਰ ਤੇ ਜਾਣੀ ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ। ਬਿਨਵੰਤਿ ਨਾਨਕੁ ਗੁਰਚਰਣਲਾਗੇ ਵਾਜੇ ਅਨਹਦਤੂਰੇ ॥**

ਅਰਥ-ਭਾਂਤੇ ਹੇ ਮੇਰੇ ਪ੍ਰਮਾਰਥੀ ਭਾਈ ਤੁਮੀ ਦੇ ਘਟ ਮੈਂ ਸੁਖ ਹੋਗਾ ਜਿਸਕੇ ਘਟ ਮੈਂ ਅਨਾਹਦ ਸਬਦ ਬਾਜ ਰਹੇ ਹੈਂ। ਸਬਦ ਤੋ ਜਿਤਨੇ ਦੇਹ ਧਾਰੀ ਪੁਰਸ਼ ਵਾ ਪਸੂ ਵਾ ਪੰਛੀ ਆਦਕ ਜੋ ਜੀਵ ਹੈਂ ਸਭਕੇ ਘਟ ਮੈ ਸ਼ਬਦ ਬਾਜ ਰਹੇ ਹੈਂ ਸੁਨਤਾ ਵੋਹੀ ਹੈ ਜੋ ਸਬਦ ਭੇਦੀ ਸਤਿਗੁਰ ਸੇ ਉਪਦੇਸ਼ ਲੇਕਰ ਅਭਿਆਸ ਕਰਤਾ ਹੈ। ਭਾਂਤੇ ਉਸਨੇ ਪਾਰਬ੍ਰਹਮ ਜੋ ਪ੍ਰਮਾਤਮਾ ਹੈ ਤਿਸਕੋ ਪਾ ਲੀਆ। ਉਸਕੇ ਜੋ ਵਸੂਰੇ ਯਾਨੇ ਦੁਖ ਆਦੀ ਭੌਤਕ ਵਾ ਦੈਵਕ ਵਾ ਅਧਿਆਤਮਕ ਸਭ ਦੂਰ ਹੋਗਏ ਉਸ ਸ਼ਬਦ ਕੇ ਪ੍ਰਤਾਪ ਸੇ। ਸ਼ਬਦ ਜੋ ਸੀ ਸਚੀ ਬਾਣੀ ਸੋ ਦੁਖ ਤੇ ਰੋਗ ਤੇ ਸੰਤਾਪ ਸਭ ਦੂਰ ਹੋਗਏ। ਤੋ ਮੰਤ੍ਰ ਸਾਸਨ ਭਏ ਸਰਸੇ ਕਿਆ ਜੋ ਪ੍ਰਸਿੰਨ ਹੁਏ ਕਿਉਂਕਿ ਪੂਰੇ ਗੁਰੂ ਸੇ ਜਾਣੀ। ਸੁਣਨੇ ਵਾਲੇ ਪੁਨੀਤ ਹੋਗਏ ਕੈਹਣੇ ਵਾਲੇ ਪਵਿਤ੍ਰ ਹੋਗਏ। ਕਿਉਂਕਿ ਸਤਿਗੁਰ ਕੋ ਬਿਆਪਕ ਜਾਣਨੇ ਸੇ। ਬੇਨਤੀ ਸੇ ਸਤਿਗੁਰੂ ਜੀ ਫਰਮਾਤੇ ਹੈਂ ਕਿ ਜੋ ਪੁਰਸ਼ ਸਤਿਗੁਰਾਂ ਕੇ ਚਰਨਾਂ ਮੇ ਆਵੇਂਗੇ ਉਨਕੇ ਘਟ ਮੈਂ ਬਾਜ ਰਹੇ ਹੈਂ ਅਨਹਤ ਤੂਰੇ ਯਾਨੇ ਪਾਂਚੋ ਸ਼ਬਦ। ਜੋ ਮਹਾਤਮਾ ਸਬਦ ਭੇਦੀ ਹੋਂਗੇ ਉਨੋਂ ਨੇ ਕਾਲ ਜੋ ਕੰਟਕ ਕਿਆ ਜੋ ਬਡਾ ਦੁਸਮਨ ਥਾ ਸੋ ਉਨਾਂ ਪੁਰਸ਼ਾਂ ਨੇ ਮਾਰ ਲੀਆ।

## ਪ੍ਰਭਾਤੀ ਕਬੀਰ ਜੀ

**ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥ ਕਬੀਰਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥ ੪ ॥**

ਅਰਥ-ਭਾਂਤੇ ਹੇ ਭਾਈ ਪੰਚ ਜੋ ਸ਼ਬਦ ਹੈ ਜੋ ਅਨਾਹਦ ਆਦੈ

ਜਿਨਾਂ ਕੀ ਕੋਈ ਹਦ ਨਹੀਂ। ਜਾਨੇ ਇਨਕਾ ਆਦਿ ਵਾ ਅੰਤ ਕੋਈ ਨਹੀਂ ਜਾਣ ਸਕਦਾ। ਕਿਉਂਕਿ ਏਹ ਸਬਦ ਉਸ ਅੰਤ੍ਰਜਾਮੀ ਕਾ ਹੈ ਇਸ ਵਾਸਤੇ ਕੋਈ ਨਹੀਂ ਪਾ ਸਕਦਾ। ਕਬੀਰ ਜੀ ਫਰਮਾਤੇ ਹੈਂ ਮੈ ਇਨਾਂ ਪਾਂਚ ਸਬਦਾਂ ਕਰਕੇ ਆਰਤੀ ਕਰ ਰਹਾ ਹੂੰ ਉਸ ਅੰਤਰਜਾਮੀ ਕੀ॥

## ਭੈਰਉ ਰਾਗ ਦਾ ਦੂਸਰਾ ਸਬਦ

**ਭਉਜਲੁ ਬਿਨੁ ਸਬਦੈ ਕਿਉ ਤਰੀਐ ॥ ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥**

ਅਰਥ-ਸਬਦ ਕੇ ਜਾਨਣੇ ਵਾਲੇ ਬਹੁਤ ਮਹਾਤਮਾ ਤਰ ਗਿਆ ਜੋ ਮੋਖ ਹੋਗਏ। ਮੋਖ ਗਿਆ ਜੋ ਜੀਤੇਜੀ ਸਚਲੋਕ ਮੇ ਪਹੁੰਚਗਏ ਅਕਾਲ ਪੁਰਖ ਕੇ ਚਰਨੋਂ। ਸਬਦ ਦੇ ਬਿਨਾ ਬਹੁਤ ਮਰ ਗਏ ਡੁਬ ਡੁਬਕੇ ਮਰ ਗਿਆ ਚੌਰਾਸੀ ਮੇ ਚਲੇ ਗਏ। ਚੌਰਾਸੀ ਮੇ ਕਿਉਂ ਗਏ ਸਬਦ ਜੋ ਧੁਨ ਆਤਮਕ ਹੈ ਨਾਮ ਥਾ ਤਿਸਕੋ ਨਾ ਸੁਣਾ। ਕਿਉਂਕਿ ਸਬਦ ਕੀ ਧੁਨ ਕੋ ਸੁਣਨਾ ਇਸੀਕੋ ਅਜਪਾ ਜਾਪ ਕੈਹਤੇ ਹੈਂ। ਵਰਣ ਆਤਮਕ ਜੋ ਨਾਮ ਹੈ ਉਸਕੇ ਜਪਨੇ ਸੇ ਮੁਕਤੀ ਹਾਸਲ ਨਹੀਂ ਹੋਤੀ ਕਿਉਂਕਿ ਏਹ ਨਾਮ ਲਿਖਨੇ ਪੜਨੇ ਮੇ ਆਤਾ ਹੈ। ਧੁਨ ਆਤਮਕ ਨਾਮ ਉਸ ਮਾਲਕ ਕਾ ਖੁਦ ਸਬਦ ਹੈ॥

## ਜਪੁਜੀ ਸਾਹਿਬ ਕੀ ਪਉੜੀ

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ**

## ਨਦਰਿ ਕਰਮ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥

ਅਰਥ-ਪੌੜੀ ਜਪੁਜੀ ਸਾਹਿਬ ਦੀ ॥ ਗੁਰੂ ਜੀ ਫੁਰਮਾਤੇ [illegible] ਇਸ ਪ੍ਰਕਾਰ ਕੀ ਦੁਕਾਨ ਪਾ ਕੇ ਤੂੰ ਲਾਇਕ ਸਚਲੋਕ ਕੇ ਜਾਣੇ ਕਾ ਅਧਿਕਾਰੀ ਹੋਵੇਂਗਾ। ਜੱਤ ਰੂਪੀ ਦੁਕਾਨ ਪਾ ਧੀਰਜ ਰੂਪੀ ਸੁਨਾਰ ਕੋ ਬਠਾ। ਅਹਰਣ ਕਰ ਮਤ ਕੋ ਕਰ ਬੇਦ ਰੂਪੀ ਹਥਿਆਰਾਂ ਕੋ ਲੈ ਅੰਤ੍ਰਜਾਮੀ ਕਾ ਜੋ ਭੈ ਕਰਨਾ ਹੈ ਏਹ ਖਲਾ ਬਣਾ ਤਪ ਰੂਪੀ ਜੋ ਅਗਨੀ ਯਾਨੇ ਸ੍ਰੇਸ਼ ਭਿਛਿਆ ਕੋ ਧਾਰਨ ਕਰ ਕੇ ਤਪ ਹੈ ਭਾਂਡਾ ਭਾਵ ਰੂਪੀ ਬਣਾ ਅੰਤਾਕਰਨ ਕੋ ਸੁਧ ਯਾਨੇ ਪਵਿਤ੍ਰ ਕਰ। ਅੰਮ੍ਰਿਤ ਰੂਪੀ ਜੋ ਸ਼ਬਦ ਹੈ ਤਿਸਕੋ ਢਾਲ ਕਿਆ ਤਿਸਕੋ ਕਮਾ। ਘੜੀਏ ਸ਼ਬਦ ਸਚੀ ਟਕਸਾਲ ਸਚੀ ਇਸ ਵਾਸਤੇ ਹੈ ਜੋ ਪੁਰਸ਼ ਇਸ ਟਕ ਸਾਲ ਮੇ ਆ ਗਿਆ ਵੋਹ ਸਤਲੋਕ ਮੇ ਪਹੁੰਚ ਗਿਆ ਸੀਤੋਜੀ। ਜਿਨਾਂ ਕੋ ਉਸ ਪ੍ਰਮਾਤਮਾਂ ਕੀ ਨਜਰ ਹੋਗਈ ਹੈ ਉਨਕੋ ਏਹ ਕਰਮ ਕਾਰ ਹੈ। ਗੁਰੂਜੀ ਫਰਮਾਤੇ ਹੈਂ ਓਨਾਂ ਮਹਾਤਮਾਂ ਦੀ ਨਜਰ ਕਰਕੇ ਨਿਹਾਲ ਹੋਜਾਂਦੇ ਹੈਂ ॥

## ਸਿਧਗੋਸਟਿ ਪਉੜੀ ੩੪

## ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰਧਾਰਿ ॥

ਅਰਥ-ਬਿਨਾ ਸ਼ਬਦ ਕੇ ਸਭ ਦੂਜੇ ਲਗੇ ਹੈਂ। ਗੁਰੂ ਜੀ ਫਰਮਾਤੇ ਹੈਂ ਦੇਖ ਭਾਈ ਆਪਣੇ ਰਿਦੇ ਮੈਂ ਵਿਚਾਰ ਕਰ। ਦੂਜੇ ਕਿਆ ਮਾਇਆ ਮੇ ਅਥਵਾ ਮਾਇਆ ਕੇ ਪਦਾਰਥੋਂ ਮੇ ਲਗ ਗਏ। ਜਹੀ ਦੂਜੀ ਮੇ [illegible] ਗਏ ਦੂਜੀ ਕੇ ਲਗਣੇ ਸੇ ਇਸਕਾ ਉਧਾਰ ਹੋਣਾ ਮੁਸ਼ਕਲ ਹੈ। ਗੁਰੂਜੀ ਫਰਮਾਤੇ ਹੈਂ ਕਿ ਵੋਹ ਵਡਿਆਂ ਸੇ ਵਡੇ ਵਡ ਭਾਗੀ। ਜਿਨ੍ਹਾਂ ਸਚ ਕੋ ਧਾਰਣ ਕੀਆ ਹੈ ਸਚ ਜਿਸਕੋ ਕੈਹਤੇ ਹੈਂ। ਜੋ

ਸਭ ਸਬਦ ਹੈ ॥

## ਸਬਦ ਸੁਣਨੇ ਕਾ ਮਹਾਤਮ

**ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪਕਾ ਨਾਸੁ ॥**

ਅਰਥ-ਪੌੜੀ ਜਪੁਜੀ ਸਾਹਿਬ ਕੀ ॥ ਹੇ ਗੁਰਮੁਖ ਪਿਆਰੇ ਦੇਖ ਸਬਦ ਕਾ ਮਹਾਤਮ ਸਬਦ ਕੇ ਸੁਣਨੇ ਸੇ ਈਸਰ ਭੇ ਬ੍ਰਹਮਾ ਭੇ ਇੰਦ੍ਰ ਭੇ ਪੀਰ ਭੇ ਸਿਧ ਭੇ ਸੁਰ ਭੇ ਨਾਥ। ਸਬਦ ਨੂੰ ਸੁਣਕੇ ਦੀਪ ਭੇ ਲੋਕ ਭੇ ਪਤਾਲ ਸਭ ਸਬਦ ਨੂੰ ਸੁਣਕੇ ਪ੍ਰਗਟ ਹੂਏ। ਜੋਗ ਕੀ ਜੁਗਤ ਕੋ ਜਾਣ ਲੇਤਾ ਹੈ ਵਾ ਤਿਨਕਾ ਜੋ ਭੇਦ ਹੈ ਉਸਕੋ ਭੀ ਜਾਣ ਤਾ ਹੈ। ਸੁਣਕੇ ਸਬਦ ਕੋ ਕਾਲ ਭੀ ਭੈ ਕੋ ਪ੍ਰਾਪਤ ਹੂਆ। ਗੁਰੂ ਜੀ ਫਰਮਾਤੇ ਹੈਂ ਜਿਸਨੇ ਉਸ ਮਾਲਕ ਕੇ ਸਬਦ ਕੌ ਸੁਣਾ ਹੈ। ਉਨਾਂ ਕੇ ਦੁਖ ਤੇ ਪਾਪ ਸਭ ਦੂਰ ਹੋਗਏ ਸਬਦ ਕੇ ਪ੍ਰਤਾਪ ਸੇ। ਕਿਉਂਕਿ ਸਬਦ ਪਰ ਸਵਾਰ ਹੋਕ ਸੁਰਤ ਵਾ ਜੀਵ ਆਤਮਾ ਉਸ ਮਾਲਕ ਕੇ ਚਰਨਾਂ ਮੇ ਪ੍ਰਾਪਤ ਹੋਗਿਆ ॥

## ਸਿਧਗੋਸਟਿ ੬੧ ਵੀਂ ਪਉੜੀ

**ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ। ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥**

ਅਰਥ-ਬਾਬੇ ਹੇ ਔਧੂ ਸਾਧੋ ਹੇ ਸਿਧ ਸਬਦ ਕੇ ਬਿਨਾ ਕਿਸੀਕੋ

ਤਬ ਨਹੀਂ ਆਸ਼ਾ ਜਾ ਹੈਮੈ ਰੂਪੀ ਪਿਆਸ ਜਾਂਦੀ ਹੈ। ਜੋ ਸ਼ਬਦ ਰੂਪੀ ਅਮਰਤ ਮੈ ਰਤ ਗਏ ਹੈਂ। ਵੋਹੀ ਸਾਰੇ ਮੈ ਪ੍ਰਸਿੰਨ ਹੋਗਏ ਜਾਨੇ ਤ੍ਰਿਪਤ ਹੋਗਏ। ਤ੍ਰਿਪਤ ਕਿਆ ਜੋ ਉਨਕਾ ਮੋਖ ਹੋਗਿਆ ਮੋਖ ਕਿਆ ਜੋ ਸੀਤੇਸੀ ਸਚਲੋਕ ਮੈ ਪਹੁੰਚਗਏ॥

**ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰ ਤੁ ਦਰਿ ਖੁਲੈ ਨਾਹੀ ਗੁਰ ਪੂਰੈ ਭਾਗਿ ਮਿਲਾਵਣਿਆ ॥ ਮਾਝ ਦੀ ਅਸਟਪਦੀਆ**

ਅਰਥ-ਤਾਂਤੇ ਹੇ ਪਿਆਰੇ ਬਿਨਾ ਸਬਦ ਕੇ ਜਾਣੇ ਤੇ ਇਸਕੇ ਅੰਤਰ ਅਗਿਆਨ ਰੂਪੀ ਅੰਧੇਰਾ ਹੈ। ਇਸ ਵਾਸਤੇ ਸਬਦ ਰੂਪੀ ਵਸਤੂ ਕੋ ਨਹੀਂ ਪਾ ਸਕਦਾ। ਇਸੀ ਵਾਸਤੇ ਸਬਦ ਰੂਪੀ ਵਸਤੂ ਦੇ ਬਿਨਾ ਇਸਕਾ ਜਨਮ ਮਰਨ ਦੂਰ ਨਹੀਂ ਹੋਤਾ। ਸੁਰਤ ਸਬਦ ਰੂਪੀ ਜੋ ਕੁੰਜੀ ਹੈ ਸੋ ਪੂਰੇ ਸਤਿਗੁਰ ਕੇ ਪਾਸ ਹੈ। ਤਾਂਤੇ ਖੋਜ ਕੋਨ ਕਰਕੇ ਪੂਰਾ ਸਤਿਗੁਰ ਖੋਜਣਾ ਜਰੂਰੀ ਹੈ। ਇਸ ਵਾਸਤੇ ਸਬਦ ਭੇਦੀ ਸਤਿਗੁਰ ਕੋ ਜਰੂਰ ਖੋਜੇ ਕਿਉਂਕਿ ਉਨ੍ਹੀ ਕੇ ਪਾਸ ਓਹ ਕੁੰਜੀ ਰਖੀ ਹੈ॥

**ਸੋਰਠਿ ॥ ਸੰਤਹੁ ਮਨੁ ਪਵਨੈ ਸੁਖੁ ਬਨਿਆ ॥ ਕਿਛੁ ਜੋਗੁ ਪਰਾਪਤਿ ਗਨਿਆ ॥੧॥ ਰਹਾਉ ॥ ਗੁਰਿ ਦਿਖਲਾਈ ਮੋਰੀ ॥ ਜਿਤੁ ਮਿਰਗ ਪੜਤ ਹੈ ਚੋਰੀ ॥ ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥ ੧ ॥ ਕੁੰਭ ਕਮਲੁ ਜਲਿ ਭਰਿਆ ॥ ਜਲੁ ਮੇਟਿਆ ਊਭਾ ਕਰਿਆ ॥ ਕਹੁ**

## ਕਬੀਰ ਜਨ ਜਾਨਿਆ ॥ ਜਉ ਜਾਨਿਆ ਤਉ ਮਨੁ ਮਾਨਿਆ ॥ ੨ ॥

ਅਰਥ-ਗੁਰੂ ਜੀ ਫੁਰਮਾਤੇ ਹੈਂ ਹੇ ਮਹਾਤਮਾ ਜਿਤੇ ਮਨਕੇ ਧਾਉਣੇ ਵਾਲੇ ਮਨਕੇ ਨਿਗ੍ਰਹੁ ਕਰਨੇ ਸੇ ਇਸ ਪੁਰਸ਼ ਕੋ ਸੁਖ ਹੋਤਾ ਹੈ। ਜਬ ਮਨ ਕੋ ਇਸਨੇ ਨਿਗ੍ਰਹੁ ਕਰ ਲੀਆ ਤਾਂ ਇਸਕੋ ਕੁਛ ਲੋੜ ਪ੍ਰਾਪਤ ਹੂਆ। ਗੁਰ ਦਿਖਲਾਈ ਮੋਰੀ। ਵੋਹ ਕੌਣਸੀ ਮੋਰੀ ਹੈ ਪਾਂਚ ਗਿਆਨ ਇੰਦ੍ਰੇ ਵਾ ਕਰਮ ਇੰਦ੍ਰੀਆਂ। ਇਨਕੇ ਜੋ ਰਸਤੇ ਕਾਮ ਆਦੀ ਮਿਰਗ ਯਾਨੇ ਚੋਰੀ ਪੜਤੇ। ਇਸ ਪੁਰਸ਼ ਕੋ ਕੋਈ ਖਬਰ ਨਹੀਂ ਸੀ। ਕਿਉਂਕਿ ਇਸਕੋ ਗੁਰੂ ਨਹੀਂ ਸੇ ਮਿਲੇ ਚੋਰਾਂ ਦੇ ਦਖਾਣੇ ਵਾਲੇ ਜਬ ਸਤਗੁਰ ਮਿਲੇ ਤਾਂ ਉਨਾਂ ਜੁਗਤੀ ਬਤਾਈ। ਤੈ ਮੂੰਦ ਲੀਏ ਦਰਵਾਜੇ ਤੇ ਬਾਜੇ ਅਨਹਦ ਵਾਜੇ। ਜਿਤਨੀਆਂ ਇੰਦ੍ਰੀਆਂ ਸੀ ਸੋ ਸਭ ਮੁੰਦ ਕਿਆ ਜੋ ਸਭ ਦਰਵਾਜਿਆਂ ਪਰ ਅਪਣਾ ਪਹਿਰਾ ਕਰ ਲੀਆ। ਕਿਉਂਕਿ ਜਿਤਨੇ ਸ਼ਬਦ ਸਪਰਸ਼ ਰੂਪ ਰਸ ਗੰਧ ਸੇ ਸਭ ਪਰ ਨਿਗਾਹ ਹਰ ਵੇਲੇ ਰਹਿਣ ਲਗੀ। ਇਸ ਵਾਸਤੇ ਸਭ ਦਰ ਵਾਲੇ ਬੰਦ ਹੋਗਏ। ਤੇ ਫੇਰ ਕਿਆ ਹੂਆ ਬਾਜੀਅਲੇ ਅਨਹਦ ਵਾਜੇ। ਬਾਂ ਅਨਾਹਦ ਜੋ ਸ਼ਬਦ ਹੈ ਸੋ ਬਾਜਣੇ ਲਗੇ। ਯਾਨੇ ਉਸ ਮਾਲਕ ਕੀ ਖਾਸ ਅਵਾਜ਼ ਆਣੇ ਲਗੀ। ਕੁੰਭ ਯਾਨੇ ਇਸਕਾ ਸਰੀਰ ਸੋ ਜਲ ਭਿਆ ਸ਼ਬਦ ਕਰਕੇ ਭਰਾ ਹੂਆ ਹੈ। ਜਬ ਸ਼ਬਦ ਆਪਨੇ ਲੋਕ ਮੇ ਚਲੇ ਜਾਏਗਾ ਤਾਂ ਕੁੰਭ ਰੂਪੀ ਸਰੀਰ ਊਂਧਾ ਕਿਆ ਜੋ ਨਸ਼ਟ ਹੋਜਾਏਗਾ। ਕਬੀਰ ਜੀ ਫੁਰਮਾਤੇ ਹੈਂ ਜਿਸਨੇ ਉਸ ਸ਼ਬਦ ਕੋ ਜਾਣਾ ਹੈ। ਉਸੀ ਕਾ ਮਨ ਮਾਨਾ ਹੈ ਕਿ ਠੀਕ ਜੀਤੇਜੀ ਸਚਖੰਡ ਮੇ ਪਹੁੰਚ ਗਏ। ਉਸੀ ਕਾ ਜਨਮ ਤੇ ਮਰਨ ਛੁਟ ਗਿਆ ਕਿਉਂਕਿ ਆਪਣੇ ਘਰ ਪਹੁੰਚਗਿਆ ਜੀਤੇਜੀ ॥

## ਮੁਖਵਾਕ ੨੦ ਸ਼ਬਦ ਕੇ ਨਾਮੋਂ ਕੀ ਤਸ਼ਰੀਹ

| | |
|---|---|
| ੧ ਸ਼ਬਦ | ੨ ਸਾਚਾ ਸ਼ਬਦ |
| ੩ ਅਨਹਦ ਬਾਣੀ | ੪ ਅਨਾਹਦ ਆਵਾਜ਼ |

| | |
|---|---|
| ੫ [illegible] ਸਬਦ | ੬ ਅਨਾਹਦ ਧੁਨ |
| ੭ ਧੁਨ ਆਤਮਕ | ੮ ਅਨਹਦ ਧੁਨ |
| ੯ ਅਨਹਦ ਨਾਦ | ੧੦ ਸਤਿਗੁਰ ਸਬਦ |
| ੧੧ ਸਾਚਾ ਨਾਮ | ੧੨ ਗੁਰਮਾ ਸਬਦ |
| ੧੩ ਅਲਖ ਸਬਦ | ੧੪ ਅਰੇ ਸਬਦ |
| ੧੫ ਅਜਪਾ | ੧੬ ਨਾਮ |
| ੧੭ ਬਿਸਮਾਦ | ੧੮ ਆਦੀ ਸਬਦ |
| ੧੯ ਅਨਹਤ ਸਬਦ | ੨੦ ਹੰਸ ਨਾਦ |

ਯੇਹ ਬੀਸ ਨਾਮ ਗੁਰੂ ਗ੍ਰੰਥਸਾਹਿਬ ਮੇ ਭੀ ਕਹੇ ਹੈਂ।

## ਮੁਸਲਮਾਨੋਂ ਮੇਂ ਏਕ ਹੀ ਨਾਮ ਹੈ

ਵੋਹ ਕੌਨਸਾ ਨਾਮ ਹੈ ਵੋਹ ਯੇਹ ਹੈ। ਆਵਾਜ਼ ਗੈਬ, ਵਾ ਕਲਾਮ ਰੱਬੀ॥

ਸਭ ਅਸਥਾਨੋਂ ਕੇ ਜੋ ਨਾਮ ਹੈਂ ਬਤਾਈਕੇ ਵਹੁ ਆਗੇ ਕਹੇ ਜਾਵੇਂਗੇ ਸੁਰਤਕੋ ਉਭਾਰਨੇਕੇ ਵਕਤਪਰ॥

## ਸਬਦ ਗੁਰੂ ਸੁਰਤਿ ਧੁਨਿ ਚੇਲਾ।

ਅਰਥ-ਸਬਦ ਗੁਰੂ ਇਸ ਵਾਸਤੇ ਕਹਾ ਹੈ ਕੇ ਜੋ ਸਭ ਸੇ ਬੜਾ ਹੈ। ਜਿਸ ਜਗਾਂ ਗੁਰੂ ਸਬਦ ਹੋਵੇ ਤਹਾਂ ਜਾਣ ਲੋ ਸਭ ਸੇ ਬੜਾ ਹੈ ਸੁਰਤ ਕੋ ਚੇਲਾ ਇਸ ਵਾਸਤੇ ਕਹਾ ਹੈ ਕਿ ਯੇਹ ਸਬਦ ਕੀ ਅੰਸ ਹੈ। ਅੰਸ ਮੇ ਭੇਦ ਨਹੀਂ ਹੋਤਾ ਤਾਂਤੇ ਸਬਦ ਮੇ ਤੇ ਸੁਰਤ ਮੇ ਕੋਈ ਭੇਦ ਨਹੀਂ। ਦੋਨੋਂ ਏਕ ਹੈਂ ਲੇਕਨ ਨਾਮ ਭੇਦ ਹੈ ਜੈਸੇ ਸੂਰਜ ਵਾ ਕਿਰਨਾ ਸਮੁੰਦ੍ਰ ਵਾ ਬੂੰਦ ਵਾਸਤਵਮੇ ਕੋਈ ਭੇਦ ਨਹੀਂ॥

**ਬਿਲਾਵਲੁ ਮਹਲਾ ੧ ॥ ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥ ੧ ॥ ਮਨੁ ਬੇਧਿਆ ਦਇਆਲ ਸੇਤੀ**

## ਮੇਰੀ ਮਾਈ ਕਉਨੁ ਜਾਣੈ ਪੀਰ ਪਰਾਈ ॥

ਅਰਥ-ਏਕ ਕੋ ਮੰਦ੍ਰ ਕਿਆ ਮਨ ਕੋ ਤੂ ਆਪਣੇ ਵਸ ਕਰ। ਤਨ ਜੋ ਹੈ ਤਿਸਕਾ ਵੇਸ ਕਲੰਦਰ ਦੀ ਤਰਾਂ ਕਰ ਕਲੰਦਰ ਜੋ [illegible] ਮਹਾਤਮਾ ਹੈਂ ਉਨਕੀ ਤਰਾਂ ਤੂ ਹੋਜਾ। ਤਾਂ ਫੇਰ ਕਿਆ ਹੋਗਾ ਫੇਰ ਤੂ ਆਪਣੇ ਘਟ ਮੇ ਜੋ ਤੀਰਥ ਹੈ ਤਿਸ ਵਿਖੇ ਤੂ ਇਸ਼ਨਾਨ ਕਰ। ਘਟ ਮੇ ਤੀਰਥ ਕੌਣ ਹੈ ਸੋ ਅਨਾਹਦ ਸ਼ਬਦ ਕਾ ਸੁਣਨਾ। ਜੋ ਮਹਾਤਮਾ ਘਟ ਕੇ ਤੀਰਥ ਰੂਪੀ ਸ਼ਬਦ ਮੇ ਰਤ ਭਏ [illegible]। ਉਨਕੇ ਵਾਸਤੇ ਫਿਰ ਜਨਮ ਨਹੀਂ ਹੋਗਾ ਕਿਉਂਕਿ ਦਿਆਲ ਜੋ ਅੰਤਰ ਜਾਮੀ ਹੈ ਤਿਸਕੇ ਸਾਥ ਬੇਧਿਆ ਗਿਆ। ਯਾਨੇ ਰਤ ਗਿਆ ਏਸ ਵਾਸਤੇ ਜੋ ਮੇਰੀ ਜੁਦਾਈ ਦੀ ਪੀੜ ਹੈ ਵੋਹ ਕੋਈ ਨਹੀਂ ਜਾਣਦਾ ਇਸ ਵਾਸਤੇ ਮੈਨੂੰ ਹੋਰ ਕੋਈ ਚਿੰਤਾ ਨਹੀਂ ਚਿੰਤਾ ਜੇ ਹੈ ਤਾਂ ਏਹ ਹੈ ਕਿ ਉਸ ਅੰਤਰਜਾਮੀ ਸੇ ਮੈਂ ਜੁਦਾ ਨਾ ਹੋਵਾਂ। ਔਰ ਸੰਸਾਰ ਕੇ ਪਦਾਰਥਾਂ ਦੀ ਕੋਈ ਚਿੰਤਾ ਨਹੀਂ ॥

## ਸਿਧ ਗੋਸਟਿ ॥ ਕਿਆ ਭਵੀਐ ਸਚਿ ਸੂਚਾ ਹੋਇ। ਸਾਚ ਸਬਦ ਬਿਨੁ ਮੁਕਤਿ ਨ ਕੋਇ ॥

ਸਾਹਬ ਫੁਰਮਾਤੇ ਹੈਂ ਹੇ ਪੁਰਸ਼ ਤੂ ਕਿਉਂ ਭਰਮਤਾ ਹੈਂ ਭਰਮਣੇ ਮੇ ਤੋ ਕੋਈ ਫਾਇਦਾ ਨਹੀਂ। ਬਗੈਰ ਸਤ ਸ਼ਬਦ ਕੇ ਕੋਈ ਮੁਕਤੀ ਨਹੀਂ ਪਾ ਸਕਦਾ। ਸਤ ਕਿਆ ਸਹੀ ਮੁਕਤੀਕੇ ਦੇਣੇਵਾਲਾ ਸਤ ਸ਼ਬਦਹੀਹੈ। ਸਾਹਬਾਂ ਕਹਾਹੈ। ਘੜੀਐ ਸ਼ਬਦ ਸਚੀਟਕਸਾਲ

## ਮਲਾਰ ਦੀ ਵਾਰ ਵਿਚੋਂ ਮ: ੧ ॥ ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰ ਪੁਰਖ ਸੁਜਾਣੁ। ਪੰਚ ਸਬਦ ਧੁਨਿ ਕਾਰਧੁਨਿ ਤਹ ਬਾਜੈ ਸਬਦ ਨੀਸਾਣੁ। ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨ। ਤਾਰ ਘੋਰ ਬਾਜਿੰਤ ਤਹ

**ਸਾਚਿ ਤਖਤ ਸੁਲਤਾਨ। ਸੁਖਮਨਕੇ ਘਰਿ ਰਾਗ ਸੁਨਿ ਸੁੰਨ ਮੰਡਲ ਲਿਵਲਾਇ ॥ ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ । ਉਲਟਿ ਕਮਲੁ ਅੰਮ੍ਰਿਤ ਭਰਿਆ ਇਹੁ ਮਨ ਕਤਹੂ ਨ ਜਾਇ । ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ। ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ । ਸਬਦੁ ਖੋਜਿ ਇਹੁ ਘਰੁ ਲਹੈ ਨਾਨਕ ਤਾ ਕਾ ਦਾਸੁ ॥ ੧ ॥**

ਅਰਥ-ਘਰ ਮੈ ਘਰ ਕਿਆ ਜੋ ਏਸ ਸਰੀਰ ਰੂਪੀ ਘਰ ਮੈ ਘਰ ਜੋ ਸਤਲੋਕ ਹੈ ਸੋ ਦਿਖਾ ਦੇਵੇ। ਵੋਹੀ ਸਤਿਗੁਰ ਹੈ ਵੋਹੀ ਪੁਰਖ ਹੈ ਵੋਹੀ ਸੁਜਾਨ ਕਿਆ ਚਤਰ ਓਹ ਜੁ ਪਾਂਚ ਜੋ ਸ਼ਬਦ ਹੈਂ ਜਿਨਕੀ ਜੋ ਧੁਨ ਹੈ ਉਸਕੋ ਪ੍ਰਗਟ ਹੋ ਸੁਨਾਨੇ ਵਾਲੇ। ਐਸਾ ਜੋ ਅਸਥਾਨ ਹੈ ਵਹਾਂ ਖੰਡ ਤੇ ਮੰਡਲ ਸਭ ਹੈਰਾਨ ਹੋਰਹੇ ਹੈਂ। ਵਹਾਂ ਕਿਆ ਹੈ ਤਾਰ ਘੋਰ ਬਾਜੰਤ੍ਰ ਬਜਤ। ਸਚਾ ਤਖਤ ਉਸ ਮਾਲਕ ਕਾ ਹੈ। ਸੁਖਮਨ ਜੋ ਅਸਥਾਨ ਹੈ ਉਸਮੇ ਬੈਠਕੇ ਉਸ ਮਾਲਕ ਕੀ ਆਵਾਜ਼ ਕੋ ਸੁਣ। ਏਹ ਜੋ ਅਕਥ ਕਥਾ ਹੈ ਇਸਕੋ ਤੂੰ ਅਪਣੇ ਮਨ ਮੇ ਸਮਾ ਏਹ ਜੋ ਤੇਰਾ ਕਵਲ ਹੈ ਤਿਸਕੋ ਸੀਧਾ ਕਰ। ਇਸ ਵਾਸਤੇ ਅੰਮ੍ਰਿਤ ਰੂਪੀ ਜੋ ਸਬਦ ਹੈ ਉਸਕੋ ਧਾਰਣ ਕਰ। ਏਸ ਸਬਦ ਰੂਪੀ ਅੰਮ੍ਰਿਤ ਨਾਲ ਭਰੇਂਗਾ ਤਾਂ ਤੇਰਾ ਜੋ ਮਨ ਹੈ ਵੋਹ ਕਹੀਂ ਨਹੀਂ ਜਾਵੇਗਾ। ਯਹੀ ਅਜਪਾ ਜਾਪ ਹੈ ਏਸਨੂੰ ਤੂੰ ਮਨੋਂ ਨਾ ਵਿਸਾਰ ਸਭ ਸਖੀਆਂ ਪਾਂਚੋਂ ਮਿਲੇ ਵੋਹੀ ਗੁਰਮੁਖ ਹੈ ਉਸੀ ਕਾ ਨਿਜ ਕਿਆ ਅਪਣੇ ਘਰ ਮੇ ਵਾਸ ਹੋਗਾ। ਪਾਂਚ ਜੋ ਸਬਦ ਹੈਂ ਸਖੀਆਂ ਜੋ ਇੰਦ੍ਰੀਆਂ ਹੈਂ ਇਸੀ ਵੋਹ ਸਬਦ ਕੋ ਮਿਲੇਂ। ਸਾਹਬ ਫਰਮਾਤੇ ਹੈਂ ਜੋ ਸਬਦ ਕੋ

ਜਗਾਇਆ । ਤਾਂ ਕੇ ਮੂਲ ਨਹੀਂ ਕੋ ਸਿਆਣਾ ॥ ਗੁਰ ਏਹੀ ਕਿ ਕਿਆ ਹੈ ਓਸ ਅੰਤ੍ਰਜਾਮੀ ਨੇ ਉਸਕੋ ਸੇਵਕ ਕਾ ਕਾਮ ਕੋਈ ਨਹੀਂ ਤੀਸਰੀ ਪਾਤਸ਼ਾਹੀ ਫ਼ਰਮਾਤੇ ਹੈਂ ਜਿਨਕੋ ਚੌਥੇ ਪਦ ਕਾ ਨਾਮ ਮਿਲ ਗਿਆ ਵੋਹ ਦੂਸਰੇ ਕੋ ਨਹੀਂ ਜਪਤੇ ॥

## ਅੰਗ ੪ ਸੁਰਤ ਅਭਿਆਸ

ਸੁਰਤ ਕਾ ਸਰੂਪ ਵਾ ਭੇਦ ਸੁਰਤ ਕੇ ਨਾਮ- ਸੁਰਤ ਕੌ, ਵਾ ਜੀਵ ਕੌ, ਵਾ ਰੂਹ ਕੌ, ਵਾ ਜੀਵ ਆਤਮਾ ਕੌ, ਵਾ ਮਾਲਕ ਕੀ ਅੰਸ ਕੌ, ਏਹ ਸਭ ਨਾਮ ਸੁਰਤ ਕੇ ਕਹੇ ਜਾਤੇ ਹੈਂ ॥

ਗਉੜੀ ਰਾਗ ਕਾ ਸਬਦ ਪੰਜਵੀਂ ਪਾਤਸ਼ਾਹੀ ਕਾ ੧੧੮ ਵਾਂ ॥ ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥ ੧ ॥ ਰਹਾਉ ॥ ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥ ੧ ॥ ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥੨॥ ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥ ੩ ॥ ਦੀਨ

**ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧ ਸੰਗਿ ਮੇਰੀ ਜਲਨਿ ਬੁਝਾਈ ॥ ੪ ॥**

ਅਰਥ-ਪੰਜਾਬੀ । ਤਰਾਹੀ ਸ੍ਰੀਗੁਰੂ ਅਰਜਨਦੇਵਜੀ ਫਰਮਾਤੇ ਹੈਂ ਆਪਣੀ ਸੁਰਤਕੋ ਕਾਂਹੀ ਯਾਨੇ ਜੀਵ ਆਤਮਾ ਕੋ ਭਾਈ । ਜੋ ਸਭ ਪੂਰਨ ਪਿਤਾ ਸੇ ਵਿਛੜੀ ਹੋਈ ਹੈ । ਵੋਹ ਕਵਨ ਗੁਨ ਹੈ ਜਿਸ ਸੇ ਪ੍ਰਾਨਪਤ ਜੋ ਮਾਲਕ ਹੈ ਤਿਸਕੋ ਮੈਂ ਮਿਲੂੰ ਹੇ ਮਾਈ । ਮਾਈ ਉਸ ਕੋ ਬੋਲਤੇ ਹੈਂ ਜਿਸ ਸੇ ਉਤਪਤੀ ਹੋਵੇ । ਹੇ ਅਕਾਲ ਪੁਰਖ ਮੈ ਤੇਰੇ ਕੋ ਕੈਸੇ ਮਿਲਾਂ ਮੈ ਬੜੀ ਦੂਰ ਤੇਰੇ ਸੇ ਜੁਦਾ ਹੋਕੇ ਆ ਗਈ ਯਾਨੇ ਵਿਛੜ ਗਈ । ਅਬ ਤੇਰੇ ਮਿਲਨੇ ਕੇ ਵਾਸਤੇ ਸੁਭ ਗੁਣ ਨਹੀਂ । ਨਾ ਨਾਮ ਰੂਪੀ ਬਲ ਹੈ ਨਾ ਸੁਭ ਗੁਣ ਰੂਪੀ ਰੂਪ ਹੈ ਨਾ ਕੋਈ ਦੇਸ਼ ਰੂਪੀ ਬੁਧੀ ਹੈ । ਤਾਂ ਮੈ ਤੇਰੇ ਚਰਨਾਂ ਮੇ ਕੈਸੇ ਪ੍ਰਾਪਤ ਹੋਵਾਂ ਹੇ ਅੰਤਰ ਜਾਮੀ ਤੂੰ ਆਪਣੀ ਦਯਾ ਸੇ ਮੇਰੇ ਕੋ ਮੇਲ ਲੈ । ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਤੇ ਹੈਂ ਸੰਤਾਂ ਕਾ ਜੋ ਸੰਗ ਹੈ ਤਿਸਨੇ ਮੇਰੀ ਜਲਨਤਾ ਬੁਝਾਈ । ਕਿਉਂਕਿ ਸਤਲੋਕ ਮੈ ਪਹੁੰਚ ਗਈ ਸਤ ਪੁਰਖ ਸਿ ਅਭੇਦ ਹੋਗਈ ॥ ਦ੍ਰਿਸਟਾਂਤ ॥

ਜਿਉਂ ਜਲਮੇ ਜਲ ਆਇਖਟਾਨਾ । ਤਿਉਂ ਜੋਤੀ ਸੰਗ ਜੋਤਸਮਾਨਾ॥

**ਕਉੜੀ ਮਹਲਾ ੫ ॥ ਪ੍ਰਭ ਮਿਲਬੇਕਉ ਪ੍ਰੀਤਿ ਮਨ ਲਾਗੀ । ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤ ਮਿਲੈ ਵਡਭਾਗੀ ॥ ੧ ॥ ਰਹਾਉ ॥ ਮਨੁ ਅਰਪਉ ਧਨੁ ਰਾਖਉ ਆਗੈ ਮਨਕੀ ਮਤਿ ਮੋਹਿ ਸਗਲ ਤਿਆਗੀ । ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥ ੧ ॥ ਪੂਰਬ ਕਰਮ**

**ਅੰਕੁਰ ਸਭ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ । ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥ ੨ ॥**

ਅਰਥ-ਸਾਹਬ ਫਰਮਾਤੇ ਹੈਂ ਇਸ ਜੀਵ ਕੋ ਇਛਾ ਜਬ ਹੋਤੀ ਹੈ ਆਪਣੇ ਮਾਲਕ ਕੇ ਮਿਲਨੇ ਕੀ ਤਬ ਇਸਕੇ ਮਨ ਮੇ ਪ੍ਰੀਤ ਜਾਗ ਜੀ ਹੈ। ਖਾਓਂ ਲਗਦਾ ਹੈ ਉਨ ਮਹਾਤਮਾਕੇ ਪਾਸ ਬੇਨਤੀ ਕਰਤਾ ਹੈ। ਕੋਈ ਮੀਤ ਮਿਲ ਜਾਵੇ ਬਡੇ ਭਾਗਾਂ ਵਾਲਾ ਮਨ ਅਰਪੋ ਅਰ ਧਨ ਰਾਖੋਂ ਆਗੇ ਮਨ ਕੀ ਮਤ ਮੈ ਸਭ ਤਿਆਗੀ । ਜਿਤਨੀ ਮੇਰੇ ਮੈ ਆਸੁਰੀ ਸੰਪਦਾ ਹੈ ਮੈ ਸਭਕਾ ਤਿਆਗ ਕਰ ਦੀਆ । ਜੋ ਮਹਾਤਮਾ ਉਸ ਮਾਲਕ ਕੇ ਮਿਲਨੇ ਕੀ ਜੁਗਤੀ ਕੋ ਬਤਾਵੇਂ ਮੈ ਉਨਕੇ ਪੀਛੇ ਸਦੀਵ ਬੈਰਾਗੀ ਹੂਆ ਫਿਰੂੰਗਾ । ਪੂਰਬ ਜੋ ਕਰਮ ਥਾ ਸੋ ਉਦੇ ਹੂਆ ਭੇਟਿਆ ਸਤਗੁਰ ਜੋ ਰਸ ਦੇ ਦੇਣੇ ਵਾਲਾ ਬੈਰਾਗੀ। ਇਸ ਮਾਲਕ ਕੇ ਮਿਲਨੇ ਸੇ ਅੰਧੇਰਾ ਮਿਟ ਗਿਆ ਅਗਿਆਨ ਰੂਪੀ। ਤਾਂ ਕਿਆ ਹੂਆ ਸੁਰਤ ਜੋ ਸੋਈ ਹੂਈ ਸੀ ਜਨਮ ਜਨਮ ਕੀ ਸੋ ਜਾਗ ਉਠੀ। ਜਾਗਣਾ ਕਿਆ ਜੋ ਉਸ ਮਾਲਕ ਕੇ ਚਰਨਾਂ ਮੈ ਪਹੁੰਚ ਗਈ ਸਚਲੋਕ ਮੇ। ਮਰਨਾ ਵਾ ਜੰਮਣਾ ਇਸ ਜੀਵ ਕਾ ਨਿਵਿਰਤ ਹੋਗਿਆ ॥

**ਅਕਾਲ ਉਸਤਤਿ ਮੁਖਵਾਕ ਪਾਤਸ਼ਾਹੀ੧੦ ॥ ਕਬਿੱਤ ॥ ਜੈਸੇ ਏਕ ਆਗ ਤੇਂ ਕਨੂਕਾ ਕੋਟ ਆਗ ਉਠੇਂ ਨਿਆਰੇ ਨਿਆਰੇ ਹੋਇਕੈ ਫੇਰ ਆਗਮੈਂ ਮਿਲਾਹਿਗੇ। ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤਹੈਂ ਧੂਰਕੇ ਕਨੂਕਾ ਫੇਰ ਧੂਰਹੀ ਸਮਾਹਿਗੇ। ਜੈਸੇ ਏਕ ਨਦ ਤੇ ਤਰੰਗ ਕੋਟ**